




# ਸੋ ਦਰੁ

## ਮਨੁੱਖੀ ਭਵਿੱਖ ਦਾ ਗਿਆਨਾਤਮਕ ਪ੍ਰਵਚਨ

ਅਮਰਜੀਤ ਗਰੇਵਾਲ ਆਪਣੇ ਦੋ ਨਾਟਕਾਂ 'ਦੋ ਘੜੀਆਂ ਦਾ ਨਾਟਕ' ਅਤੇ 'ਚੂਹੇ ਦੌੜ' ਪੰਜਾਬੀ ਨਾਟ ਜਗਤ 'ਚ ਪਛਾਣਯੋਗ ਹਾਜ਼ਰੀ ਲਵਾ ਚੁੱਕੇ ਹਨ। ਇਹ ਦੋਵੇਂ ਨਾਟਕ ਪੜ੍ਹਨਯੋਗ ਪਾਠ ਹਨ। ਪਿਛਲੇ ਸਮਿਆਂ 'ਚ ਇਨ੍ਹਾਂ ਦੇ ਬੜੇ ਸਫ਼ਲ ਅਤੇ ਯਾਦਗਾਰੀ ਮੰਚਣ ਵੀ ਹੋਏ।

ਉਸਦੀ ਨਵੀਂ ਨਾਟ-ਕਿਤਾਬ **ਸੋ ਦਰੁ** ਹੈ ਜਿਸ 'ਚ ਦੋ ਨਾਟਕ ਸ਼ਾਮਿਲ ਹਨ; 'ਸੋ ਦਰੁ' ਅਤੇ 'ਦੇਹੀ'। ਦੋਵੇਂ ਨਾਟਕ ਮਨੁੱਖੀ ਭਵਿੱਖ ਵਿਚ ਸੂਚਨਾ ਕ੍ਰਾਂਤੀ ਅਤੇ ਵਿਕਸਤ ਕੰਪਿਊਟਰ ਤਕਨੀਕਾਂ ਖ਼ਾਸ ਕਰਕੇ ਆਰਟੀਫੀਸ਼ਅਲ ਇੰਟੈਲੀਜੈਂਸ (ਏ. ਆਈ.) ਨਾਲ ਮਨੁੱਖੀ ਜੀਵਨ ਅਤੇ ਸਭਿਆਚਾਰ ਵਿਚ ਕੀ ਪਰਿਵਰਤਨ ਵਾਪਰਣਗੇ, ਨਾਲ ਜੁੜੇ ਮਸਲਿਆਂ ਨੂੰ ਆਪਣੇ ਵੱਥ ਦਾ ਆਧਾਰ ਬਣਾਉਂਦੇ ਹਨ। ਏ.ਆਈ. ਜਿੱਥੇ ਮਨੁੱਖੀ ਜੀਵਨ ਵਿਚ ਵਾਪਰਣ ਵਾਲੇ ਬਦਲਾਵਾਂ ਬਾਰੇ ਸਧਾਰਨ ਬੰਦੇ ਦੇ ਮਨ ਵਿਚ ਕਈ ਖ਼ਦਸ਼ੇ ਅਤੇ ਆਸ਼ੰਕੇ ਹਨ ਜਿਨ੍ਹਾਂ ਦਾ ਆਭਾਸ ਯੁਆਲ ਨੋਹਾ ਹਰਾਰੇ ਨੂੰ ਆਪਣੀ ਤੀਜੀ ਕਿਤਾਬ **21 Lessons for 21st Century** ਵਿਚ ਭਵਿੱਖ ਦੇ ਸਮਿਆਂ 'ਚ ਇਸ ਵਰਤਾਰੇ ਦੇ ਵਾਪਰਣ ਦਾ ਖ਼ਤਰਾ ਮਹਿਸੂਸ ਹੋ ਰਿਹਾ ਹੈ। ਉਸਦਾ ਕਹਿਣਾ ਹੈ ਕਿ ਏ.ਆਈ. ਨਾਲ ਬੌਧਿਕਤਾ ਤੇ ਚੇਤਨਤਾ ਇਕ ਦੂਜੇ ਤੋਂ ਨਿਖੜ ਜਾਣਗੇ। ਬਹੁਤ ਉੱਚ ਪਾਏ ਦੀਆਂ ਗ਼ੈਰ-ਚੇਤਨਤਾ ਤੇ ਸਿਆਣਪ ਵਾਲੀਆਂ ਬੁੱਧੀਮਾਨ ਐਲਗੋਰਿਦਮਜ਼ ਹਰ ਕਾਰਜ ਬੜੀ ਉਤਮਤਾ ਨਾਲ ਕਰਨਗੀਆਂ। ਅਮਰੀਕਾ 'ਚ ਦੋ ਪ੍ਰਤੀਸ਼ਤ ਲੋਕ ਖੇਤੀ ਤੇ ਵੀਹ ਪ੍ਰਤੀਸ਼ਤ ਉਦਯੋਗ 'ਚ ਲਗੇ ਹੋਏ ਨੇ ਤੇ ਬਾਕੀ ਸੱਤਰ ਪ੍ਰਤੀਸ਼ਤ ਅਧਿਆਪਕ, ਡਾਕਟਰ ਤੇ ਹੋਰ ਸੇਵਾਵਾਂ 'ਚ ਕੰਮ ਕਰਦੇ ਨੇ ਅਤੇ ਜਦੋਂ ਗ਼ੈਰਚੇਤਨੀ ਐਲ਼ਗੋਰਿਦਮਜ਼ ਹੀ ਸਾਰੀਆਂ ਸੇਵਾਵਾਂ ਕਰਨ ਲੱਗ ਪੈਣਗੀਆਂ ਤਾਂ ਇਨ੍ਹਾਂ ਸੇਵਾਵਾਂ 'ਚ ਲੱਗੇ ਹੋਏ ਏਨੇ ਸਾਰੇ ਲੋਕ ਕਿੱਧਰ ਜਾਣਗੇ ? ਹਰ ਥਾਂ ਐਲਗੋਰਿਦਮਜ਼ ਦੇ ਪਸਾਰੇ ਕਾਰਨ ਮਨੁੱਖਾਂ ਦੇ ਅਪ੍ਰਸੰਗਿਕ/ ਅਸੰਗਤ (Irelevance) ਹੋ ਜਾਣ ਦਾ ਡਰ ਪੈਦਾ ਹੋ ਜਾਵੇਗਾ। ਹਰ ਖੇਤਰ 'ਚ ਕੇਵਲ ਉਪਰਲੇ ਪਾਇਦਾਨ 'ਤੇ ਬੈਠੇ ਯੋਗ ਮਨੁੱਖ (ਦੇਵਤੇ) ਹੀ ਬਚ ਸਕਣਗੇ। ਮਨੁੱਖ ਦੇ ਨਿੱਜੀ ਫ਼ੈਸਲੇ ਵੀ ਐਲਗੋਰਿਦਮਜ਼ ਹੀ ਲੈਣ ਦੇ ਸਮਰੱਥ ਹੋਣਗੀਆਂ ਕਿਉਂਕਿ ਮਨੁੱਖ ਦੇ ਆਲੇ ਦੁਆਲੇ ਦੀ ਹਰ ਮਸ਼ੀਨ 'ਇੰਟਰਨੈੱਟ ਆਫ਼ ਆਲ ਥਿੰਗਜ਼' ਨਾਲ ਆਪਸ 'ਚ ਗਹਿ ਗੱਚ ਰੂਪ 'ਚ ਅੰਤਰ-ਸਬੰਧਿਤ ਹੋਵੇਗੀ।

ਅਮਰਜੀਤ ਗਰੇਵਾਲ ਨੇ ਇਨ੍ਹਾਂ ਦੋਹਾਂ ਨਾਟਕਾਂ ਰਾਹੀਂ ਇਨ੍ਹਾਂ ਖ਼ਦਸ਼ਿਆਂ ਦਾ ਨਿਵਾਰਣ ਆਪਣੇ ਸਾਹਤਿਕ, ਤਾਰਕਿਕ ਅਤੇ ਦਾਰਸ਼ਨਿਕ ਪ੍ਰਵਚਨ ਰਾਹੀਂ ਅਸਲੋਂ ਨਵੀਂ ਅਤੇ ਵਿਲੱਖਣ ਨਾਟ-ਭਾਸ਼ਾ ਸਿਰਜਣ ਰਾਹੀਂ ਪੇਸ਼ ਕੀਤਾ ਹੈ। ਪੰਜਾਬੀ ਨਾਟ ਜਗਤ ਵਿਚ ਇਸ ਵਿਸ਼ੇ ਦਾ ਸ਼ਾਇਦ ਪਹਿਲੀ ਵਾਰ ਏਨਾਂ ਇਕਾਗਰ, ਇਕਜੁੱਟ ਅਤੇ ਇਕਸਾਰ ਸਾਹਤਿਕ ਰੂਪਾਂਤਰਣ ਪੇਸ਼ ਹੋਇਆ ਹੈ।



**ਡਾ. ਮਨਮੋਹਨ**
ਪੰਜਾਬੀ ਚਿੰਤਕ ਤੇ
ਜਾਇੰਟ ਡਾਇਰੈਕਟਰ
ਗ੍ਰਹਿ ਮੰਤਰਾਲੇ
ਭਾਰਤ ਸਰਕਾਰ
82839-48811
mmsingh_63
@rediff.com

ਉਸਦਾ ਤਰਕ ਹੈ ਕਿ ਇਹ ਸਾਰੀਆਂ ਆਸ਼ੰਕਾਵਾਂ ਨਿਰਮੂਲ ਹਨ। ਪਰਿਵਰਤਨ ਹਮੇਸ਼ਾਂ ਹੀ ਔਖਾ ਹੁੰਦਾ ਹੈ ਪਰ ਜਦੋਂ ਬੰਦਾ ਆਪਣੇ ਸੁਵਿਧਾ ਖੇਤਰ 'ਚੋਂ ਬਾਹਰ ਆ ਜਾਂਦਾ ਹੈ ਤਾਂ ਬੰਦਾ ਉਸੇ ਤਰ੍ਹਾਂ ਹੀ ਨਵੇਂ ਬਦਲਾਵਾਂ 'ਚ ਆਪਣੇ ਆਪ ਨੂੰ ਢਾਲ਼ ਕੇ ਉਨ੍ਹਾਂ ਦੇ ਮੇਚ/ਹਾਣ ਦਾ ਹੋ ਜਾਂਦਾ ਹੈ। ਇਸ ਤਰ੍ਹਾਂ ਬੰਦੇ ਮੂਹਰੇ ਨਵ-ਜੀਵਨ ਅਤੇ ਗਿਆਨਾਤਮਕਤਾ ਦਾ ਨਵਾਂ 'ਸੋ ਦਰੁ' ਖੁੱਲ੍ਹਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ' 'ਚ ਅੰਗ 6 'ਤੇ 'ਜਪੁ' ਵਿਚ ਗੁਰੂ ਨਾਨਕ ਦੇਵ ਜੀ ਨੇ 'ਸੋ ਦਰੁ' ਸ਼ਬਦ ਦਾ ਪ੍ਰਯੋਗ ਕੀਤਾ ਹੈ;

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥*

ਭਾਵ ਉਹ ਦਰਵਾਜ਼ਾ ਕਿਹੋ ਜਿਹਾ ਹੈ ਅਤੇ ਉਹ ਮੰਦਰ ਕੈਸਾ ਹੈ ਜਿਸ ਵਿਚ ਬੈਠ ਕੇ ਤੂੰ ਸਾਰਿਆਂ ਦੀ ਸੰਭਾਲ ਕਰਦਾ ਹੈਂ, ਹੇ ਸਾਈਂ। ਬਹੁਤੀਆਂ ਕਿਸਮਾਂ ਦੇ ਅਣਗਿਣਤ ਸੰਗੀਤਕ ਸਾਜ਼ ਉਥੇ ਗੂੰਜਦੇ ਹਨ ਅਤੇ ਅਨੇਕਾਂ ਹੀ ਉਥੇ ਰਾਗ ਕਰਨ ਵਾਲੇ ਹਨ।

ਮਹਾਨ ਕੋਸ਼ ਦੇ ਪੰਨਾ 232 'ਤੇ ਇੰਦਰਾਜ ਦਰਜ ਹੈ; 'ਸੋਦਰੁ-ਇਕ ਖ਼ਾਸ ਬਾਣੀ, ਜਿਸ ਦਾ ਮੂਲ ਪਾਠ ਸੰਝ ਵੇਲੇ ਰਹਿਰਾਸ ਵਿਚ ਹੁੰਦਾ ਹੈ। ਇਸ ਦੇ ਮੁੱਢ-"ਸੋਦਰੁ ਕੇਹਾ ਸੋ ਘਰ ਕੇਹਾ" ਪਾਠ ਹੋਣ ਕਾਰਨ ਇਹ ਸੰਗਯਾ ਹੋ ਗਈ ਹੈ। ਜਿਵੇਂ ਈਸ਼ ਸ਼ਬਦ ਆਦਿ ਹੋਣ ਕਾਰਣ ਉਪਨਿਸ਼ਦ ਦਾ ਨਾਉਂ ਈਸ਼ਵਾਸਯ ਹੋ ਗਿਆ ਅਤੇ ਕੇਨੇਸ਼ਿਤ ਪਦ ਕਾਰਨ ਕੇਨ ਉਪਨਿਸ਼ਦ ਸਦਾਉਂਦੀ ਹੈ। ਇਸ ਸੋਦਰੁ ਬਾਣੀ ਵਿਚ, ਕਰਤਾਰ ਦਾ ਕੋਈ ਖ਼ਾਸ ਦਰ (ਦਵਾਰ), ਜੋ ਅਗਿਆਨੀ ਮੰਨਦੇ ਹਨ, ਉਸਦਾ ਖੰਡਨ ਕਰ ਵਾਹਿਗੁਰੂ ਦਾ ਅਸਲ ਦਰ ਦੱਸਿਆ ਹੈ।

**ਸੋ ਦਰੁ** ਨਾਟਕ ਬਾਰੇ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਮੈਂ ਸੰਨ 1983 'ਚ ਦੇਖੀ ਅੰਗਰੇਜ਼ੀ ਫ਼ਿਲਮ 'Terminator-1' ਦੀ ਗੱਲ ਕਰਾਂਗਾ। ਇਸ ਵਿਚ ਟਰਮੀਨੇਟਰ ਇਕ ਸਾਈਬੋਰਗ ਹੈ ਜਿਸਦਾ ਕਿਰਦਾਰ ਆਰਨਲਡ ਸ਼ਰੈਵਗਨਰ ਨੇ ਨਿਭਾਇਆ ਹੈ। ਸਾਈਬੋਰਗ ਭਵਿੱਖਲੇ ਸਮਿਆਂ ਦੀ ਅਜਿਹੀ ਸ਼ਕਤੀਸ਼ਾਲੀ ਬੁੱਧੀਮਾਨ ਮਸ਼ੀਨ ਹੈ ਜੋ ਦਿੱਸਦੀ ਤਾਂ ਹੱਡ ਮਾਸ ਦੇ ਬੰਦੇ ਵਰਗੀ ਹੈ ਪਰ ਉਹ ਹੈ ਰੋਬੋ ਜੋ ਕਿਸੇ ਟਾਰਗੈਟ ਨੂੰ ਇਲੀਮੀਨੇਟ ਕਰਨ ਲਈ ਪ੍ਰੋਗਰੈਮਡ। ਕਿਉਂਕਿ ਬੰਦੇ ਵਾਂਗ ਉਸਦੀ ਚਮੜੀ ਲਹੂ ਅਤੇ ਮਿੱਝ ਹੈ ਇਸ ਲਈ ਉਸਨੂੰ ਰੋਬੋ ਨਹੀਂ ਸਾਈਬੋਰਗ ਕਿਹਾ ਗਿਆ ਹੈ ਭਾਵ ਇਹ ਰੋਬੋ ਮਸ਼ੀਨ ਦੀ ਅਗਲੀ ਵੱਧ ਵਿਕਸਤ ਪੀੜ੍ਹੀ ਹੈ। ਇਹ ਸਾਈਬੋਰਗ ਆਪਣੇ ਸਮੇਂ ਤੋਂ ਕਈ ਵਰ੍ਹੇ ਪਿੱਛੇ ਆ ਕੇ ਬੰਦੇ ਦੀ ਦੁਨੀਆ 'ਚ ਪ੍ਰਗਟ ਹੁੰਦਾ ਹੈ। ਇਹ ਓਸ ਮਹਿਲਾ ਨੂੰ ਖ਼ਤਮ ਕਰਨ ਦੇ ਆਪਣੇ ਟੀਚੇ ਨੂੰ ਸਰ ਕਰਨ ਦਾ ਕਾਰਜ ਆਰੰਭ ਕਰਦਾ ਹੈ ਜਿਸ ਦੇ ਗਰਭ 'ਚ ਉਹ ਬੱਚਾ ਪਲ਼ ਰਿਹਾ ਹੈ ਜਿਸਨੇ ਓਸ ਸ਼ਕਤੀ ਲਈ ਆਉਣ ਵਾਲੇ ਕੁਝ ਸਾਲਾਂ ਬਾਅਦ ਖ਼ਤਰਾ ਬਣਨਾ ਹੈ, ਜਿਸਨੇ ਇਹ ਸਾਈਬੋਰਗ ਉਸ ਬੱਚੇ ਨੂੰ ਖ਼ਤਮ ਕਰਨ ਲਈ ਧਰਤੀ 'ਤੇ ਭੇਜਿਆ ਹੈ। ਇਸ ਸਾਈਬੋਰਗ ਨੂੰ ਆਪਣੇ ਮਿਸ਼ਨ 'ਚ ਫੇਲ੍ਹ ਕਰਨ ਲਈ ਅਤੇ ਉਸ ਗਰਭਵਤੀ ਔਰਤ ਦੀ ਰੱਖਿਆ ਕਰਨ ਲਈ ਆਪਣੇ ਸਮਿਆਂ ਤੋਂ ਬਹੁਤ ਪਿੱਛੇ ਇਕ ਬੰਦਾ ਵੀ ਧਰਤੀ 'ਤੇ ਪ੍ਰਗਟ ਹੁੰਦਾ ਹੈ। ਇਹ ਬੰਦਾ ਆਮ ਸਧਾਰਨ ਬੰਦਿਆਂ ਤੋਂ ਵੱਧ ਬੁੱਧੀਮਾਨ ਅਤੇ ਮਸ਼ੀਨ ਅਤੇ ਕੰਪਿਊਟਰ ਸਭਿਆਚਾਰ ਤੋਂ ਵੱਧ ਜਾਣੂ ਹੈ। ਸਾਈਬੋਰਗ ਦੀ ਕੋਈ ਨੈਤਿਕਤਾ ਨਹੀਂ। ਉਹ ਆਪਣੇ ਮਿਸ਼ਨ ਦੀ ਪ੍ਰਾਪਤੀ ਲਈ ਹਥਿਆਰ ਲੁੱਟ ਸਕਦਾ ਹੈ, ਬੰਦੇ ਮਾਰ ਸਕਦਾ ਹੈ, ਹਿੰਸਾ ਦੀ ਅਸੀਮ ਹੱਦ ਤਕ ਜਾ ਸਕਦਾ ਹੈ। ਇਸਦੇ ਬਰਅਕਸ ਬੰਦੇ ਨੂੰ ਬਰੀਫਿੰਗ ਹੈ ਕਿ ਗਰਭਵਤੀ ਮਹਿਲਾ ਦਾ ਸਿਰਫ਼ ਡਿਫੈਂਸਿਵ ਟੈਕਟਿਸ ਵਰਤਦੇ ਹੋਏ ਨਿਯਮਾਂ ਅਤੇ ਕਾਨੂੰਨ ਦੀ ਮਰਿਆਦਾ 'ਚ ਰਹਿ ਕੇ ਬਚਾਓ ਕਰਨਾ ਹੈ।

ਇਹ ਫਿਲਮ ਉਦੋਂ ਜਦ ਮੈਂ ਅਜੇ ਵਿਦਿਆਰਥੀ ਸੀ, ਬਹੁਤ ਘੱਟ ਸਮਝ ਆਈ ਪਰ ਚਾਲ੍ਹੀ ਸਾਲ ਬਾਅਦ ਪਿਛਲੇ ਦਿਨੀਂ ਇਹ ਟੀ.ਵੀ. 'ਤੇ ਅਚਾਨਕ ਦੇਖੀ ਤਾਂ ਪੂਰੀ ਤਰ੍ਹਾਂ ਸਮਝ ਆ ਗਈ। ਇਸਦਾ ਕਾਰਨ ਸ਼ਾਇਦ ਇਹ ਹੈ ਕਿ ਮਨੁੱਖ ਦੇ ਨਾਲ ਨਾਲ ਮਨੁੱਖੀ ਜਗਤ ਵੀ ਗਿਆਨ-ਵਿਗਿਆਨ ਦੇ ਨਵੇਂ ਦਵਾਰ ਭਾਵ 'ਸੋ ਦਰੁ' ਖੁੱਲ੍ਹਣ ਨਾਲ ਪੂਰੀ ਤਰ੍ਹਾਂ ਬਦਲ ਗਿਆ ਹੈ। ਇਸਨੇ ਭਵਿੱਖ 'ਚ ਅਜੇ ਹੋਰ ਬਦਲਣਾ ਹੈ। ਮੈਂ ਵੀ ਉਹ ਨਹੀਂ ਸੀ ਰਿਹਾ ਜੋ ਵਿਦਿਆਰਥੀ ਜੀਵਨ ਦੌਰਾਨ ਸੀ ਅਤੇ ਮੇਰੇ ਇਰਦ ਗਿਰਦ ਦਾ ਮਨੁੱਖੀ ਜਗਤ ਵੀ ਓਹ ਨਹੀਂ ਸੀ ਰਿਹਾ। ਬਹੁਤ ਕੁਝ ਬਦਲ ਗਿਆ ਸੀ।

ਬਦਲਾਓ ਦੇ ਕੁਦਰਤੀ ਨਿਯਮ ਬਾਰੇ ਯੂਨਾਨੀ ਦਾਰਸ਼ਨਿਕ ਹੈਰਕਲੀਟਸ ਨੇ ਛੇਵੀਂ ਸਦੀ ਈਸਾ ਪੂਰਵ 'ਚ ਕਿਹਾ ਸੀ ਕਿ ਤੁਸੀਂ ਇਕੋ ਦਰਿਆ ਵਿਚ ਦੋ ਵਾਰ ਪੈਰ ਨਹੀਂ ਪਾ ਸਕਦੇ ਕਿਉਂਕਿ ਦੂਸਰੀ ਵਾਰ ਦਰਿਆ ਉਹ

ਨਹੀਂ ਰਹਿੰਦਾ ਜੋ ਪਹਿਲੀ ਵਾਰ ਸੀ। ਆਈਨਸਟਾਈਨ ਨੇ ਵੀਹਵੀਂ ਸਦੀ ਵਿਚ ਸਾਪੇਖਕਤਾ ਦੀ ਵਿਆਖਿਆ ਕਰਦਿਆਂ ਕਿਹਾ ਸੀ ਕਿ ਦੂਸਰੀ ਵਾਰ ਦਰਿਆ ਤਾਂ ਕੀ ਅਸੀਂ ਵੀ ਉਹ ਨਹੀਂ ਰਹਿੰਦੇ।

ਮਨੁੱਖੀ ਜਗਤ ਵਿਚ ਪਿਛਲੇ ਸਮਿਆਂ 'ਚ ਆਏ ਬਦਲਾਓ ਬਾਰੇ ਅੱਜ ਦਾ ਮਹਾਨ ਦਾਰਸ਼ਨਿਕ, ਚਿੰਤਕ ਅਤੇ ਇਤਿਹਾਸਕਾਰ ਯੁਆਲ ਨੋਹਾ ਹਰਾਰੇ ਆਪਣੀ ਪਹਿਲੀ ਕਿਤਾਬ **Sapiens : A Brief History of Humankind** ਵਿਚ ਕਹਿੰਦਾ ਹੈ ਕਿ ਅੱਜ ਵਿਗਿਆਨ ਤੇ ਉਦਯੋਗ ਨੇ ਮਨੁੱਖਤਾ ਕੋਲ ਸੁਪਰਹਿਊਮਨ ਸ਼ਕਤੀ ਅਤੇ ਅਸੀਮਤ ਊਰਜਾ ਹੋਣ ਨਾਲ ਸਮਾਜਕ, ਰਾਜਨੀਤਕ, ਰੋਜ਼ਮੱਰਾ ਦਾ ਜੀਵਨ ਅਤੇ ਮਾਨਵੀ ਮਨੋਵਿਗਿਆਨ ਪੂਰੀ ਤਰ੍ਹਾਂ ਰੂਪਾਂਤ੍ਰਿਤ ਹੋ ਗਿਆ ਹੈ। ਭਵਿੱਖ 'ਚ ਏ.ਆਈ/ਮਸਨੂਈ ਸਮਝ, ਬਿੱਗ ਡਾਟਾ, ਇੰਟਰਨੈਟ ਆਫ ਥਿੰਗਜ਼, ਜੈਨੇਟਿਕਸ, ਨੈਨੋ ਤਕਨੀਕ ਅਤੇ ਸਾਈਬੋਰਗ ਅਤੇ ਬਾਈਓਨਿਕਸ ਤਕਨੀਕਾਂ ਨੇ ਮਨੁੱਖ ਦਾ ਜੀਵਨ ਪੂਰੀ ਤਰ੍ਹਾਂ ਬਦਲ ਦੇਣਾ ਹੈ ਤੇ ਸੱਤ ਸੌ ਬਿਲੀਅਨ ਸਾਲਾਂ ਤੋਂ ਸ਼ੁਰੂ ਹੋਏ ਸੇਪੀਅਨਜ਼ ਤੋਂ ਵਿਕਸਤ ਹੋਏ ਮਨੁੱਖ ਨੇ ਭਵਿੱਖ ਦਾ ਦੇਵਤਾ ਬਣ ਜਾਣਾ ਹੈ।

ਸੱਤ ਅਧਿਆਇਆਂ 'ਚ ਫ਼ੈਲੇ ਨਾਟਕ 'ਸੋ ਦਰੁ' ਦਾ ਆਰੰਭ ਦੋ ਬੰਦਿਆਂ ਅਤੇ ਇਕ ਔਰਤ ਦਰਮਿਆਨ ਹੋ ਰਹੀ ਬਹਿਸ 'ਚ ਇਨ੍ਹਾਂ ਚਿੰਤਾਵਾਂ ਨਾਲ ਹੁੰਦਾ ਹੈ ਕਿ ਮਸ਼ੀਨਾਂ ਬੁੱਧੀਮਾਨ ਹੁੰਦੀਆਂ ਜਾ ਰਹੀਆਂ ਹਨ। ਹੋ ਸਕਦੈ ਬੰਦਿਆਂ ਨੂੰ ਕੰਟਰੋਲ ਹੀ ਕਰਨ ਲੱਗ ਪੈਣ। ਸੰਦ ਅਤੇ ਮਸ਼ੀਨਾਂ ਤਾਂ ਬਣੇ ਹੀ ਕੁਦਰਤ ਦੇ ਸ਼ੋਸ਼ਣ ਲਈ ਨੇ। ਆਉਣ ਵਾਲੇ ਸਮਿਆਂ 'ਚ ਸਾਰੇ ਕੰਮ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਸਾਰੀਆਂ ਮਸ਼ੀਨਾਂ ਬੁੱਧੀਮਾਨ ਮਸ਼ੀਨਾਂ ਬਣ ਜਾਣਗੀਆਂ। ਕੀ ਬੁੱਧੀਮਾਨ ਮਸ਼ੀਨਾਂ ਇਹ ਕੰਮ ਜ਼ਿੰਮੇਵਾਰੀ ਨਾਲ ਨਿਭਾਅ ਸਕਣਗੀਆਂ ? ਇਹ ਮਨੁੱਖ, ਮਸ਼ੀਨ ਅਤੇ ਕੁਦਰਤ ਦੇ ਆਪਸੀ ਸਹਿਯੋਗ ਵਿਚੋਂ ਉਪਜੀ ਸਾਂਝੀ ਸਿਆਣਪ ਕਰੇਗੀ। ਕੀ ਇਨ੍ਹਾਂ ਬੁੱਧੀਮਾਨ ਮਸ਼ੀਨਾਂ ਨੂੰ ਨੈਤਿਕਤਾ ਦੇ ਪਾਠ ਪੜ੍ਹਾਏ ਜਾ ਸਕਦੇ ਹਨ ? ਇਸ ਗੱਲ ਦਾ ਫ਼ੈਸਲਾ ਕਰਨ ਲਈ ਏ. ਆਈ. ਐਥਿਕਸ ਕਮੀਸ਼ਨ ਦੀ ਸਥਾਪਨਾ ਕੀਤੀ ਗਈ ਹੈ। ਇਸ ਮਸ਼ੀਨ ਨੈਤਿਕਤਾ ਕਮੀਸ਼ਨ ਦਾ ਚੇਅਰਮੈਨ ਇਕ ਨਾਟਕਕਾਰ ਨੂੰ ਬਣਾਇਆ ਗਿਆ ਹੈ। ਕਮੀਸ਼ਨ ਦਾ ਕੰਮ ਇਹ ਦੇਖਣਾ ਨਹੀਂ ਕਿ ਮਸ਼ੀਨ ਦੀ ਨੈਤਿਕਤਾ ਨੂੰ ਮਸ਼ੀਨ ਦੇ ਡਿਜ਼ਾਇਨ ਵਿਚ ਕਿਵੇਂ ਪਰੋਣੇ ਹਨ। ਕਮੀਸ਼ਨ ਦਾ ਕੰਮ ਲੋਕਾਂ ਦੇ ਵਿਚਾਰਾਂ ਅਤੇ ਹਿੱਤਾਂ ਨੂੰ ਸਮਝ ਮਸ਼ੀਨ ਨੈਤਿਕਤਾ ਦੇ ਪ੍ਰੋਗਰਾਮ ਉਲੀਕਣਾ ਹੈ। ਇਹ ਕੰਮ ਥੀਏਟਰ ਹੀ ਕਰ ਸਕਦਾ ਹੈ। ਨਾਟਕ ਦੇਖਣ ਲਈ ਹਰ ਵਰਗ, ਹਰ ਪਰੋਫੈਸ਼ਨ ਅਤੇ ਹਰ ਵਿਚਾਰਧਾਰਾ ਦੇ ਲੋਕਾਂ ਨੂੰ ਬਣਾਇਆ ਗਿਆ ਹੈ। ਇਕ ਇਹ ਇਕ ਤਰ੍ਹਾਂ ਦਾ ਰੋਬੋ ਨੂੰ ਰੱਬ ਬਣਾਉਣ ਦਾ ਸਿਖਰ ਸੰਮੇਲਨ ਹੈ। ਰੋਬੋ ਰੱਬ ਨਹੀਂ ਬਣੇਗਾ ਪਰ ਬੰਦੇ ਦੀ ਹਉਮੈ ਨੂੰ ਰਪਚਰ ਕਰਨ 'ਚ ਸਹਾਈ ਜ਼ਰੂਰ ਹੋ ਸਕਦਾ ਹੈ।

ਇਸ ਸੰਮੇਲਨ ਦਾ ਪਹਿਲਾ ਮੁੱਦਾ ਹੈ ਕਿ ਏ. ਆਈ. ਨਾਲ ਚੱਲਣ ਵਾਲੀ ਮਸ਼ੀਨ ਦੀ ਕੀ ਨੈਤਿਕਤਾ ਹੋਣੀ ਚਾਹੀਦੀ ਹੈ ? ਇਸ ਵਾਸਤੇ ਇਕ ਥੌਟ ਐਕਸਪੈਰੀਮੈਂਟ ਰਾਹੀਂ ਏ. ਆਈ. ਨਾਲ ਚੱਲਣ ਵਾਲੇ ਬੁੱਧੀਮਾਨ ਜਹਾਜ਼ ਦੀ ਨੈਤਿਕਤਾ ਤਹਿ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਪ੍ਰਯੋਗ ਦਾ ਸਮਾਂ ਸੰਨ 2034 ਭਾਵ ਭਵਿੱਖਕਾਲੀ ਹੈ ਜਦੋਂ ਸਾਰੇ ਪਾਸੇ ਏ.ਆਈ. ਦਾ ਪਾਰਾਵਾਰ ਹੋਵੇਗਾ। ਅਮਰੀਕਾ ਦੇ ਟਵਿੰਨਜ਼ ਟਾਵਰਜ਼ ਦੇ 9/11 ਦੇ ਹਮਲੇ ਵਰਗੇ ਹੀ ਕਿਸੇ ਹਮਲੇ ਨੂੰ ਸਪੋਜ਼ ਕਰ ਏ.ਆਈ. ਦੀ ਪ੍ਰਸੰਗਿਕਤਾ ਅਤੇ ਮਹੱਤਤਾ ਅਤੇ ਇਸ ਨਾਲ ਜੁੜੀ ਨੈਤਿਕਤਾ 'ਤੇ ਕਈ ਪਾਤਰਾਂ ਵਿਚਾਲੇ ਵਿਚਾਰ ਚਰਚਾ ਹੁੰਦੀ ਹੈ। ਸਾਰੀ ਚਰਚਾ 'ਚ ਦੁਬਿਧਾ ਵਿਸ਼ੇਸ਼ਭਾਂਤੀ ਵਿਆਪਤ ਹੈ। ਇਕ ਦ੍ਰਿਸ਼ਟੀਕੋਣ ਹੈ ਕਿ ਜਹਾਜ਼ ਨੂੰ ਮਾਰ ਗਿਰਾਅ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਇਸ ਨਾਲ ਜੁੜੇ ਹੋਰ ਵੱਧ (Colateral damage) ਨੁਕਸਾਨ ਭਾਵ ਬਹੁਗਿਣਤੀ ਜਾਨਾਂ ਅਤੇ ਜਾਇਦਾਦਾਂ ਨੂੰ ਬਚਾਇਆ ਜਾ ਸਕੇ। ਦੂਜਾ ਦ੍ਰਿਸ਼ਟੀਕੋਣ ਹੈ ਕਿ ਜਹਾਜ਼ 'ਚ ਸਵਾਰ ਸਵਾਰੀਆਂ ਦਾ ਕੀ ਕਸੂਰ ਹੈ ? ਇਸ ਲਈ ਕੋਈ ਹੋਰ ਹੱਲ ਹੋਣਾ ਜ਼ਰੂਰੀ ਹੈ। ਬਹੁਗਿਣਤੀ ਤੋਂ ਇਹ ਦੁਬਿਧਾ ਕਾਨੂੰਨ ਅਤੇ ਇਨਸਾਫ਼ ਦੇ ਨੁਕਤੇ 'ਤੇ ਆ ਖੜ੍ਹਦੀ ਹੈ। ਇਸ ਦੁਬਿਧਾ ਦਾ ਨਿਵਾਰਣ ਇਕ ਬੇਪਾਛਾਣ ਜਿਹੇ ਬੁੱਧੂ ਨਾਮੀ ਬੰਦੇ ਦੇ ਵਿਚਾਰ 'ਤੇ ਆ ਕੇ ਨਵਾਂ ਮੋੜ ਲੈਂਦੀ ਹੈ ਕਿ ਵੋਟਾਂ ਸਹੀ ਗ਼ਲਤ ਦਾ ਹੱਲ ਨਹੀਂ ਬਲਕਿ ਸੱਤਾ ਦੀ ਖੇਡ ਹੈ। ਜੇ ਹੱਲ ਲੱਭਣਾ ਤਾਂ ਤਾਕਤ ਦਾ ਲੱਭਿਆ ਜਾਵੇ। ਸਾਰੀ ਚਰਚਾ ਅਤੇ ਦਰਸ਼ਕਾਂ ਦੀ ਰਾਏ ਹੈ ਕਿ ਸ਼ਕਤੀ ਦਾ ਬਦਲ ਪ੍ਰੇਮ ਹੀ ਹੋ ਸਕਦਾ ਹੈ। ਲੜਕੀ ਪਾਤਰ ਦਾ ਸੰਵਾਦ ਇਸ ਨਾਟ-ਪਾਠ ਦੇ ਅਮੂਰਤਨ 'ਚ ਪਿਆ ਅਧਿਆਤਮ ਹੋ ਨਿਬੜਦਾ ਹੈ; "ਸ਼ਕਤੀ ਤੋੜਦੀ ਐ। ਪ੍ਰੇਮ ਜੋੜਦੈ। ਆਪਣੀ ਹਉਂ ਦੀ ਆਹੂਤੀ ਦੇ ਕੇ ਦੂਜੇ ਨੂੰ ਆਪਣੀ ਹਉਂ ਅੰਦਰ ਵਸਾਉਣ ਦੀ ਜੁਗਤ ਐ, ਪ੍ਰੇਮ। ਪ੍ਰੇਮ ਮਨੁੱਖ ਨੂੰ ਕੇਵਲ ਮਨੁੱਖਾਂ ਨਾਲ ਨਹੀਂ, ਬ੍ਰਹਿਮੰਡ ਨਾਲ ਵੀ ਜੋੜਦੈ। ਪ੍ਰੇਮ ਹੀ ਪ੍ਰਭੂਤੈ"।

**ਸੋ ਦਰੁ** ਨਾਟਕ ਵਿਚਲੀ ਇਹ ਚਰਚਾ ਅਮਨਦੀਪ ਨਾਮੀ ਏ. ਆਈ ਦੇ ਵਿਦਿਆਰਥੀ ਦੇ ਆ ਜੁੜਨ

ਨਾਲ ਹੋਰ ਅੱਗੇ ਤੁਰਦੀ ਹੈ। ਉਸਦਾ ਕਹਿਣਾ ਹੈ ਕਿ ਸਾਡੇ ਵੱਲੋਂ ਲਈ ਗਈ ਉਦਾਹਰਣ 'ਚ ਜਹਾਜ਼ ਨੂੰ ਏ. ਆਈ. ਨਹੀਂ ਪਰੰਪਰਾਗਤ ਪਾਈਲਟ ਚਲਾ ਰਹੇ ਹਨ। ਬੁੱਧੀਮਾਨ ਜਹਾਜ਼ ਨੂੰ ਨਾ ਡਰਾਇਆ ਜਾ ਸਕਦਾ ਨਾ ਧਮਕਾਇਆ। ਨਾ ਇਸ ਨੂੰ ਹੈਕ ਕੀਤਾ ਜਾ ਸਕਦੈ, ਨਾ ਹਾਈਜੈਕ। ਬੁੱਧੀਮਾਨ ਜਹਾਜ਼ ਡਾਟਾ ਬੇਸ ਦੇ ਆਧਾਰ 'ਤੇ ਡਿਜੀਟਲ ਸਰਵੀਲਾਂਸ ਅਤੇ ਫੇਸ ਰੈਕੋਗਨੀਸ਼ਨ ਦੀ ਤਕਨੌਲੋਜੀ ਦੇ ਨਾਲ ਇਨ੍ਹਾਂ ਹਾਈਜੈਕਰਜ਼ ਨੂੰ ਜਹਾਜ਼ 'ਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਸ਼ੱਕੀ ਬੰਦਿਆਂ ਵਜੋਂ ਪਛਾਣ ਕੇ ਰੋਕਣ 'ਚ ਸਹਾਇਤਾ ਕਰ ਸਕਦਾ ਹੈ। ਏ. ਆਈ. ਨੂੰ ਚਲਾਉਣ ਵਾਲੇ ਅਸਿਮੋਵ ਪ੍ਰੋਗਰਾਮ 'ਤੇ ਅਧਾਰਿਤ ਬੁੱਧੀਮਾਨ ਮਸ਼ੀਨ ਇਸ ਨੂੰ ਦਰਸਾਈ ਨੈਤਿਕਤਾ ਦੀ ਬਿਨਾਅ 'ਤੇ ਚੱਲੇਗੀ। ਪਹਿਲੀ ਨੈਤਿਕਤਾ ਹੋਵੇਗੀ ਕਿ ਰੋਬੋ ਮਸ਼ੀਨ ਕਿਸੇ ਮਨੁੱਖ ਨੂੰ ਨੁਕਸਾਨ ਨਹੀਂ ਪਹੁੰਚਾਏਗਾ। ਦੂਜਾ ਸਿਧਾਂਤ ਹੈ ਕਿ ਰੋਬੋ ਮਨੁੱਖ ਦੇ ਦਿੱਤੇ ਆਦੇਸ਼ਾਂ ਦੀ ਪਾਲਣਾ ਕਰੇਗਾ। ਤੀਜਾ ਕਿ ਰੋਬੋ ਉਪਰ ਕੇਵਲ ਮਨੁੱਖ ਦੀ ਹੀ ਨਹੀਂ ਉਸਦੀ ਆਪਣੀ ਸੁਰੱਖਿਆ ਦੀ ਵੀ ਜ਼ਿੰਮੇਵਾਰੀ ਹੈ। ਇਸ ਆਧਾਰ 'ਤੇ ਪ੍ਰੀਡਿਕਟਿਵ ਪੁਲਿਸਿੰਗ ਦੀ ਵੀ ਚਰਚਾ ਕੀਤੀ ਗਈ ਹੈ। ਇਸ ਸੰਦਰਭ 'ਚ ਹਰਾਰੇ ਕਹਿੰਦਾ ਹੈ ਕਿ ਏ. ਆਈ. ਭਾਵ ਨਕਲੀ ਬੌਧਿਕਤਾ ਅਤੇ ਜੈਵਿਕ ਤਕਨੋਲੋਜੀ ਅਤੇ ਬਿੱਗ ਡਾਟਾ ਦੇ ਕਾਰਣ ਕਈ ਪਰਿਵਰਤਨ ਵਾਪਰਣਗੇ। ਪੁਰਾਣੇ ਸਮਿਆਂ 'ਚ ਗਿਆਨ ਨੂੰ ਸੱਤਾ ਕਿਹਾ ਜਾਂਦਾ ਸੀ ਅੱਜ ਸੱਤਾ ਤੋਂ ਭਾਵ ਉਹ ਗਿਆਨ ਹੈ ਜਿਸ ਨਾਲ ਮਨੁੱਖ ਇਹ ਜਾਣ ਸਕੇ ਕਿ ਮੈਂ ਕੀ ਕਰਨਾ ਹੈ ਅਤੇ ਕੀ ਨਜ਼ਰਅੰਦਾਜ਼ ਕਰਨਾ ਹੈ ਅਤੇ ਸੂਚਨਾ ਦੇ ਇਸ ਧੁੰਦੂਕਾਰੇ 'ਚ ਕਿਸ ਨੁਕਤੇ 'ਤੇ ਨਿੱਠ ਕੇ ਫੋਕਸ ਕਰਨਾ ਹੈ। ਇਸ ਫੋਕਸ ਕਾਰਨ ਪਹਿਚਾਣ ਪ੍ਰਕਿਰਿਆ ਦੀਆਂ ਕਈ ਅੜਿੱਚਣਾਂ ਵੀ ਦੂਰ ਹੋਣਗੀਆਂ।

ਇਸ ਚਰਚਾ 'ਚ ਮਾਨਵ, ਮਸ਼ੀਨ ਅਤੇ ਕੁਦਰਤ ਦੇ ਸੰਵਾਦ ਵਿਚੋਂ ਪੈਦਾ ਹੋਣ ਵਾਲਾ ਨਵਾਂ ਬੰਦਾ ਸ਼ਾਇਦ ਇਹੋ ਜਿਹਾ ਹੋਵੇਗਾ ਜਿਸ ਵਿਚੋਂ ਉਸਦੀ 'ਮੈਂ' ਨਹੀਂ ਸਮੁੱਚਤਾ ਦਾ ਪਿਆਰ ਬੋਲੇਗਾ। ਜਿਸ ਲਈ ਵੈਰੀ ਅਤੇ ਮੀਤ ਸਮਾਨ ਹੋ ਜਾਣਗੇ। ਇਸਦੇ ਨਾਲ ਮਨੁੱਖ ਨੂੰ ਇਹ ਸਲਾਹੀਅਤ ਪੈਦਾ ਕਰਨ ਲਈ ਆਪਣੇ ਆਪ ਨੂੰ ਜਾਨਣਾ ਅਤੇ ਆਪਣੇ ਅੰਦਰ ਪਈਆਂ ਯਿਨ/ਤਰਕ ਅਤੇ ਯੈਂਗ/ਭਾਵਨਾ ਦੀਆਂ ਸੂਖ਼ਮ ਸ਼ਕਤੀਆਂ ਦੀ ਪਹਿਚਾਣ ਜ਼ਰੂਰੀ ਹੈ। ਜਿਹੜਾ ਹੋਮੋ ਸੇਪੀਅਨ/ਮਨੁੱਖ ਇਸ ਭੇਦ ਨੂੰ ਜਾਣ ਜਾਵੇਗਾ ਉਹ ਹੀ ਆਉਣ ਵਾਲੇ ਕੱਲ੍ਹ ਦਾ ਹੋਮੋ ਡਿਊਸ/ਦੇਵਤਾ ਹੋਵੇਗਾ।

ਇਹ ਖ਼ਦਸ਼ਾ ਵੀ ਇਸ ਚਰਚਾ ਵਿਚ ਉਘਾੜਿਆ ਗਿਆ ਹੈ ਕਿ ਇਹ ਡਿਜੀਟਲ ਸਰਵੀਲਾਂਸ ਦੀ ਤਕਨਾਲੋਜੀ ਸਹਿਜੇ ਹੀ ਆਰਥਿਕ ਅਤੇ ਸਿਆਸੀ ਫਾਸ਼ੀਵਾਦ ਦਾ ਹਥਿਆਰ ਬਣ ਜਾਵੇਗੀ। ਹਰਾਰੇ ਵੀ ਆਪਣੀਆਂ ਕਿਤਾਬਾਂ ਵਿਚ ਇਸ ਗੱਲ ਦੀ ਚਰਚਾ ਕਰਦਾ ਹੈ ਕਿ ਡਾਟੇ ਨੂੰ ਸੂਚਨਾ 'ਚ, ਸੂਚਨਾ ਨੂੰ ਗਿਆਨ 'ਚ ਅਤੇ ਗਿਆਨ ਨੂੰ ਬੌਧਿਕਤਾ 'ਚ ਪਰਿਵਰਤਨ ਕਰਦੀਆਂ ਐਲਗੋਰਿਦਮਜ਼ 'ਚ ਮਨੁੱਖ ਦੀ ਥਾਂ ਭਵਿੱਖ ਦੇ ਮਨੁੱਖੀ ਦੇਵਤਿਆਂ ਭਾਵ ਡਿਕਟੇਟਰਾਂ ਵੱਲੋਂ ਲਏ ਜਾਣ ਦੀ ਵੀ ਪ੍ਰਬਲ ਸੰਭਾਵਨਾ ਹੈ। ਬਿਗ ਡਾਟੇ ਦੇ ਦਾਬੇ ਕਾਰਣ ਮਨੁੱਖ ਉਪਰ ਨਿਗਰਾਨੀ ਦੇ ਖ਼ਤਰੇ ਵੀ ਸਦਾ ਮੰਡਰਾਉਂਦੇ ਰਹਿਣਗੇ। ਭਵਿੱਖ ਵਿਚ 'ਇੰਟਰਨੈੱਟ ਆਫ਼ ਆਲ ਥਿੰਗਜ਼' ਕਾਰਣ ਡਾਟੇ ਦਾ ਵਹਾਅ ਏਨਾਂ ਜ਼ਿਆਦਾ ਅਤੇ ਤੇਜ਼ ਹੋਵੇਗਾ ਕਿ ਮਨੁੱਖ ਦੇ ਆਉਣ ਵਾਲੇ ਸਮਿਆਂ ਦੀ ਦੁਨੀਆ, ਅੱਜ ਦੀ ਦੁਨੀਆ ਤੋਂ ਬੜੀ ਵੱਖਰੀ ਤੇ ਭਿੰਨ ਹੋਵੇਗੀ। ਐਲਗੋਰਿਦਮਜ਼ ਕਾਰਣ ਸ਼ਾਇਦ ਮਨੁੱਖਾਂ ਨਾਲ ਵੀ ਅਜਿਹਾ ਵਾਪਰਣ ਦੀ ਸੰਭਾਵਨਾ ਹੈ।

**ਸੋ ਦਰੁ** ਨਾਟਕ ਵਿਚਲੀ ਇਸ ਚਰਚਾ ਵਿਚ ਇਹ ਵੀ ਬੜਾ ਅਹਿਮ ਮੁੱਦਾ ਉਠਾਇਆ ਗਿਆ ਹੈ ਕਿ ਏ.ਆਈ. ਅਤੇ ਐਲਗੋਰਿਦਮਜ਼ ਨਾਲ ਜੌਬ ਮਾਰਕੀਟ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਡਿਜੀਟਲ ਹਾਈਪਰ ਕੁਨੈਕਟਿਡ ਸੰਸਾਰ ਵਿਚ ਬੰਦੇ ਦੇ ਬਹੁਤ ਸਾਰੇ ਕਾਰਜ ਬੁੱਧੀਮਾਨ ਮਸ਼ੀਨਾਂ ਰਾਹੀਂ ਹੋਣ ਕਾਰਨ ਬਹੁਤ ਸਾਰੇ ਕਿਰਤ ਦੇ ਖੇਤਰ ਨਾ ਸਿਰਫ਼ ਅਪ੍ਰਸੰਗਿਕ ਹੋ ਜਾਣਗੇ ਬਲਕਿ ਉਨ੍ਹਾਂ ਦਾ ਕਈ ਢੰਗ ਤਰੀਕਿਆਂ ਨਾਲ ਵੱਖਰੀ ਤਰ੍ਹਾਂ ਦਾ ਸ਼ੋਸ਼ਣ ਵੀ ਹੋਵੇਗਾ। ਹਰਾਰੇ ਆਪਣੀ ਦੂਜੀ ਕਿਤਾਬ **Homo Deus : A Brief History of Tomorrow** ਕਹਿੰਦਾ ਹੈ ਕਿ ਉਸਨੂੰ ਭਵਿੱਖ ਦੇ ਸਮਿਆਂ 'ਚ ਇਸ ਵਰਤਾਰੇ ਦੇ ਵਾਪਰਨ ਦਾ ਖ਼ਤਰਾ ਮਹਿਸੂਸ ਹੋ ਰਿਹਾ ਹੈ ਕਿ ਬੌਧਿਕਤਾ ਤੇ ਚੇਤਨਤਾ ਇਕ ਦੂਜੇ ਤੋਂ ਨਿਖੜ ਜਾਣਗੇ। ਬਹੁਤ ਉਚ ਪਾਏ ਦੀਆਂ ਗ਼ੈਰ-ਚੇਤਨਤਾ ਤੇ ਸਿਆਣਪ ਵਾਲੀਆਂ ਐਲਗੋਰਿਦਮਜ਼ ਹਰ ਕਾਰਜ ਬੜੀ ਉਤਮਤਾ ਨਾਲ ਕਰਨਗੀਆਂ। ਅਮਰੀਕਾ 'ਚ ਬਾਈ ਪ੍ਰਤੀਸ਼ਤ ਮਿਹਨਤ ਦੀ ਕਿਰਤ 'ਚ ਲੱਗੇ ਹੋਏ ਨੇ ਤੇ ਬਾਕੀ ਸੱਤਰ ਪ੍ਰਤੀਸ਼ਤ ਹੋਰ ਸੇਵਾਵਾਂ 'ਚ ਕੰਮ ਕਰਦੇ ਨੇ ਅਤੇ ਜਦੋਂ ਗ਼ੈਰਚੇਤਨੀ ਐਲਗੋਰਿਦਮਜ਼ ਹੀ ਸਾਰੀਆਂ ਸੇਵਾਵਾਂ ਕਰਨ ਲੱਗ ਪੈਣਗੀਆਂ ਤਾਂ ਇਨ੍ਹਾਂ ਸੇਵਾਵਾਂ 'ਚ ਲੱਗੇ ਹੋਏ ਏਨੇ ਸਾਰੇ ਲੋਕ ਕਿਧਰ ਜਾਣਗੇ ? ਹਰ ਥਾਂ ਐਲਗੋਰਿਦਮਜ਼ ਦੇ ਪਸਾਰੇ ਕਾਰਣ

ਮਨੁੱਖਾਂ ਦੇ ਅਪ੍ਰਸੰਗਿਕ/ਅਸੰਗਤ ਹੋ ਜਾਣ ਦਾ ਡਰ ਪੈਦਾ ਹੋ ਜਾਵੇਗਾ। ਜਦੋਂ ਕਾਰਾਂ ਨੇ ਟਾਂਗਿਆਂ ਦੀ ਥਾਂ ਲਈ ਤਾਂ ਮਨੁੱਖ ਨੇ ਘੋੜੇ ਨੂੰ ਸਾਂਭਿਆ ਨਹੀ ਬਲਕਿ ਸੇਵਾ ਤੋਂ ਨਿਵਿਰਤ ਕਰ ਦਿੱਤਾ। ਹਰ ਖੇਤਰ 'ਚ ਕੇਵਲ ਉਪਰਲੇ ਪਾਇਦਾਨ 'ਤੇ ਬੈਠੇ ਯੋਗ ਮਨੁੱਖ (ਦੇਵਤੇ) ਹੀ ਬਚ ਸਕਣਗੇ।

**ਸੋ ਦਰੁ** ਦੀ ਇਸ ਗਿਆਨਤਾਮਕ ਚਰਚਾ ਦਾ ਅੰਤ ਬ੍ਰਹਿਮੰਡਕ ਚੇਤਨਾ, ਇੰਪੈਥਿਕ ਰੈਵੋਲਿਊਸ਼ਨ, ਦੁਨੀਆ ਦੀ ਵੰਨਸੁਵੰਨਤਾ, ਦਇਆ ਦੀ ਕੋਰ ਵੈਲਿਯੂ ਆਦਿ ਮੁੱਦਿਆਂ 'ਤੇ ਹੁੰਦਾ ਹੋਇਆ ਇਸ ਬਿੰਦੂ ਦੇ ਆ ਕੇ ਆਪਣੇ ਅੰਜਾਮ 'ਤੇ ਪਹੁੰਚਦਾ ਹੈ ਕਿ ਮਨੁੱਖ, ਮਸ਼ੀਨ ਅਤੇ ਕੁਦਰਤ ਦੇ ਸਮਨਵਯ 'ਚੋਂ ਪੈਦਾ ਹੋਈ ਨੈਟਵਰਕ ਚੇਤਨਾ ਵਿਚੋਂ ਲਏ ਫ਼ੈਸਲੇ ਹੀ ਪੱਖਪਾਤ ਤੋਂ ਮੁਕਤ ਅਤੇ ਨਿਆਂ ਪੂਰਵਕ ਹੋਣਗੇ। ਪਰ ਨਾਲ ਹੀ ਇਕ ਹੋਰ ਦੁਬਿਧਾ ਪੈਦਾ ਹੋ ਜਾਂਦੀ ਹੈ। ਲੜਕੀ ਪੁੱਛਦੀ ਹੈ; "ਫੇਰ ਸੁਪਨੇ ਕੀ ਰਹਿ ਜਾਣਗੇ ? ਕੀ ਇਤਿਹਾਸ ਦਾ ਅੰਤ ਹੋ ਜਾਵੇਗਾ"।

ਇਤਿਹਾਸਕਾਰ ਕਹਿੰਦਾ ਹੈ; "ਜਿੰਨੀ ਦੇਰ ਤੱਕ ਸ੍ਰਿਸ਼ਟੀ ਐ। ਚੇਤਨਾ ਹੈ, ਓਨੀ ਦੇਰ ਤੱਕ ਇਤਿਹਾਸ ਦਾ ਅੰਤ ਨਹੀਂ ਹੋ ਸਕਦਾ। ਹਾਂ, ਇਤਿਹਾਸ ਦਾ ਨਵਾਂ ਅਧਿਆਇ ਜ਼ਰੂਰ ਸ਼ੁਰੂ ਹੋਣ ਵਾਲੈ"।

ਲੜਕੀ ਫਿਰ ਪੁੱਛਦੀ ਹੈ; " ਮਾਨਵੀ ਹਉਂ ਦੇ ਇਤਿਹਾਸ ਦੇ ਅੰਤ ਵਜੋਂ ਨਹੀਂ, ਬ੍ਰਹਿਮੰਡੀ ਚੇਤਨਾ ਦੇ ਨਵੇਂ ਯੁੱਗ, ਨਵੀਆਂ ਚੁਣੌਤੀਆਂ ਅਤੇ ਨਵੇਂ ਇਤਿਹਾਸ ਦੇ ਆਰੰਭ ਵਜੋਂ ਜ਼ਰੂਰ ਸਮਝਿਆ ਜਾਣਾ ਚਾਹੀਦਾ ਹੈ"।

ਇਤਿਹਾਸਕਾਰ ਕਹਿੰਦਾ ਹੈ; "ਮਨੁੱਖੀ ਹਉਂ ਅਤੇ ਉਸਦੇ ਸ਼ਕਤੀ ਸਬੰਧਾਂ ਰਾਹੀਂ ਉਸਰੀ ਮਾਨਵ ਸੰਸਕ੍ਰਿਤੀ, ਸਿਆਸਤ ਅਤੇ ਅਰਥਚਾਰੇ ਦਾ ਜਾਣਾ ਲਗਭਗ ਤਹਿ ਹੈ। ਨਵੇਂ ਇਤਿਹਾਸ ਦੀ ਸਿਰਜਣਾ ਆਰੰਭ ਹੋਵੇਗੀ"।

ਅੰਤ 'ਚ ਲੜਕੀ ਦੇ ਇਸ ਸੰਵਾਦ ਨਾਲ **ਸੋ ਦਰੁ** ਕਲਾਈਮੈਕਸ 'ਤੇ ਪਹੁੰਚਦਾ ਹੈ; "ਜੋ ਹੋ ਰਿਹੈ, ਉਹਨੂੰ ਛੱਡੋ, ਜੋ ਨਵਾਂ ਆ ਰਿਹੈ, ਆਉ ਉਸਨੂੰ ਜੀ ਆਇਆਂ ਕਹੀਏ"।

ਅਮਰਜੀਤ ਗਰੇਵਾਲ ਦਾ ਦੂਜਾ ਨਾਟਕ 'ਦੇਹੀ' ਵੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਰਾਗ ਭੈਰਉ 'ਚ ਅੰਗ 1159 'ਤੇ ਦਰਜ ਭਗਤ ਕਬੀਰ ਜੀ ਦੇ ਸ਼ਬਦ;

*ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥੧॥*

'ਚ ਕਾਰਜਸ਼ੀਲ ਅਮੂਰਤਨ ਅਧਿਆਤਮ ਤੋਂ ਪ੍ਰਭਾਵਿਤ ਹੈ।

ਮਹਾਨ ਕੋਸ਼ ਦੇ ਪੰਨਾ 648-49 ਅਨੁਸਾਰ ਦੇਹੀ ਸੰਗਯਾ ਹੈ ਜਿਸਦਾ ਭਾਵ ਹੈ ਦੇਹ, ਤਨ, ਸਰੀਰ। ਦੇਹੀ-ਜੀਵਾਤਮਾ। 'ਮਨ ਕਾ ਜੀਉ ਪਵਨ, ਪਤਿਦੇਹੀ, ਦੇਹੀ ਮਹਿ ਦੇਉ ਸਮਾਗਾ' (ਸੋਰਠ ਮਹੱਲਾ ੧)। ਮਨ ਕਾ ਜੀਵਨ ਪ੍ਰਾਣ।, ਪ੍ਰਾਣਾਂ ਦਾ ਪਤੀ ਜੀਵਾਤਮਾ, ਦੇਹੀ (ਜੀਵਾਤਮਾ) ਵਿਚ ਦੇਉ (ਪਾਰਬ੍ਰਹਮ) ਸਮਾਇਆ ਹੋਇਆ ਹੈ। ਦੇਹ ਵਾਲਾ। 'ਜਿਹ ਪ੍ਰਸਾਦਿ ਪਾਈ ਦੁਰਲਭ ਦੇਹ' (ਸੁਖਮਨੀ)

'ਦੇਹੀ' ਨਾਟਕ ਮੁੱਖ ਰੂਪ 'ਚ ਅੰਮ੍ਰਿਤਾ ਸਿੰਘ ਜੋ ਏ. ਆਈ. ਦੇ ਖੇਤਰ 'ਚ ਕੰਮ ਕਰਨ ਵਾਲੀ ਚਾਲ੍ਹੀ ਕੁ ਸਾਲ ਦੀ ਸਫ਼ਲ ਉੱਦਮੀ ਹੈ, ਸਿਧਾਰਥ ਜੋ ਯੂਨੀਵਰਸਿਟੀ 'ਚ ਸਾਹਿਤ ਦਾ ਅਧਿਆਪਕ ਤੇ ਫ਼ਲਸਫ਼ੇ ਵਿਚ ਦਿਲਚਸਪੀ ਰੱਖਣ ਵਾਲਾ ਸੰਵੇਦਨਸ਼ੀਲ ਚਿੰਤਨੀ ਸੁਭਾਅ ਦਾ ਬੰਦਾ ਹੈ, ਕਰੁਣਾ ਜੋ ਏ.ਆਈ. ਨਾਲ ਚੱਲਣ ਵਾਲੀ ਬੁੱਧੀਮਾਨ ਮਸ਼ੀਨ ਹੈ ਜਿਸਨੂੰ ਅੰਮ੍ਰਿਤਾ ਸਿੰਘ ਨੇ ਬਣਾਇਆ ਹੈ, ਵਿਚਾਲੇ ਫ਼ੈਲੇ ਘਟਨਾਕ੍ਰਮ ਅਤੇ ਆਪਸੀ ਸੰਵਾਦ-ਪਰਿਸੰਵਾਦ 'ਤੇ ਉਸਰਦਾ ਹੈ। ਇਸ ਤੋਂ ਇਲਾਵਾ ਸਿਧਾਰਥ ਦੀ ਪਹਿਲੀ ਪਤਨੀ ਅਨੀਤਾ ਜੋ ਲੈਸਬੀਅਨ ਹੈ, ਕਿਰਨਜੋਤ ਜੋ ਸਿਧਾਰਥ ਦੀ ਦੂਜੀ ਪਤਨੀ ਹੈ ਅਤੇ ਸੁਭਾਅ ਪੱਖੋਂ ਗ਼ਰਮ ਅਤੇ ਤਨੁਕ ਮਿਜਾਜ਼ ਹੈ, ਵੀ ਮਹੱਤਵਪੂਰਨ ਪਾਤਰ ਹਨ। ਸਿਧਾਰਥ ਦੀ ਮਾਂ ਅਤੇ ਬੇਟੇ ਆਦਿ ਪਾਤਰ ਵਿਚ ਨਾਟਕ ਦੇ ਕਥਾਨਕ ਨੂੰ ਸਿਖਰ 'ਤੇ ਪਹੁੰਚਾਣ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ।

'ਦੇਹੀ' ਨਾਟਕ ਦਾ ਪਹਿਲਾ ਦ੍ਰਿਸ਼ ਹੈ; ਬੁੱਧੀਮਾਨ ਮਸ਼ੀਨੀ ਸਾਥੀਆਂ, ਸਾਥਣਾਂ, ਸਹਾਇਕਾਂ ਅਤੇ ਮਸ਼ੀਨੀ ਪੈੱਟ ਜਾਨਵਰਾਂ ਦਾ ਵਿਕਰੀ ਸਟੋਰ ਜਿਥੇ ਲੋਕ ਆ ਕੇ ਆਪਣੀ ਪਸੰਦ ਅਤੇ ਲੋੜ ਮੁਤਾਬਿਕ ਏ.ਆਈ. ਚਾਲਿਤ ਰੋਬੋ ਮਸ਼ੀਨਾਂ ਖ਼ਰੀਦ ਰਹੇ ਹਨ ਜਾਂ ਆਪੋ ਆਪਣੀਆਂ ਜ਼ਰੂਰਤਾਂ ਮੁਤਾਬਿਕ ਮਸ਼ੀਨਾਂ ਬਾਰੇ ਸੇਲਜ਼ਮੈਨਾਂ ਤੋਂ ਪੁੱਛਤਾਛ ਕਰ ਰਹੇ ਹਨ। ਸਟੋਰ ਦੀ ਮਾਲਿਕ ਅੰਮ੍ਰਿਤਾ ਸਿੰਘ ਨੇ ਬੁੱਧੀਮਾਨ ਮਸ਼ੀਨ ਦੀ ਦਇਆਵਾਨ ਸੀਰੀਜ਼ ਸ਼ੁਰੂ ਕੀਤੀ ਹੈ ਜਿਸਦਾ ਮਕਸਦ ਉਪਭੋਗਤਾਵਾਂ ਨੂੰ ਕਰੁਣਾ, ਮੁਹੱਬਤ, ਦੋਸਤੀ ਅਤੇ ਮਮਤਾ ਵਰਗੀਆਂ ਸੇਵਾਵਾਂ ਮੁਹੱਈਆ ਕਰਵਾਉਣਾ ਹੈ।

ਸਿਧਾਰਥ ਨੂੰ ਤਿੰਨ ਸਾਲ ਪਹਿਲਾਂ ਉਸਦੀ ਪਤਨੀ ਛੱਡ ਕੇ ਜਾ ਚੁੱਕੀ ਹੈ। ਹੁਣ ਉਸਨੂੰ ਕਰੁਣਾ ਅਤੇ

ਮੁਹੱਬਤ ਨਾਲ ਭਰੀ ਹੋਈ ਮਿੱਠ ਬੋਲੜੀ ਸਾਥਣ ਦੀ ਤਲਾਸ਼ ਹੈ ਜੋ ਉਸਦਾ, ਉਸਦੇ ਬੇਟੇ ਅਤੇ ਮਾਂ ਦਾ ਖ਼ਿਆਲ ਰੱਖ ਸਕੇ। ਇਸ ਖ਼ਾਤਿਰ ਉਹ ਅੰਮ੍ਰਿਤਾ ਸਿੰਘ ਕੋਲ ਆਇਆ ਹੈ ਜੋ ਕਿ ਸਿਧਾਰਥ ਨੂੰ ਉਸਦੀਆਂ ਲੋੜਾਂ, ਪਸੰਦਗੀਆਂ ਅਤੇ ਚਾਹਤਾਂ ਮੁਤਾਬਿਕ ਕਸਟਮਾਈਜ਼ ਕੀਤੀ 'ਕਰੁਣਾ' ਨਾਮ ਦੀ ਇਕ ਬੁੱਧੀਮਾਨ ਮਸ਼ੀਨ ਮੁਹੱਈਆ ਕਰਦੀ ਹੈ। ਇਸਦੇ ਐਨ ਉਲਟ ਅੰਮ੍ਰਿਤਾ ਵੀ ਕਿਤੇ ਆਪਣੇ ਮਨ ਦੀਆਂ ਡੂੰਘਾਈਆਂ 'ਚ ਆਪਣੇ ਆਪ ਨੂੰ ਪੈਦਾਵਾਰ ਅਤੇ ਖ਼ਪਤ ਸਭਿਆਚਾਰ 'ਚ ਖਚਿਤ ਅਤੇ ਪਰਫੋਰਮੈਂਸ ਅਤੇ ਅਚੀਵਮੈਂਟਸ ਦੀ ਦੌੜ 'ਚ ਫਸੀ ਕੋਈ ਸੰਵੇਦੀ ਮਾਨਵੀ ਹੋਂਦ ਨਹੀਂ ਬਲਕਿ ਮਕਾਨਕੀ ਮਸ਼ੀਨ ਹੀ ਬਣ ਕੇ ਰਹਿ ਗਈ ਕੋਈ ਹੋਂਦ ਮਹਿਸੂਸ ਕਰਦੀ ਹੋਈ ਸੋਚਦੀ ਰਹਿੰਦੀ ਹੈ ਕਿ ਜ਼ਿੰਦਗੀ ਨੂੰ ਕੇਵਲ ਪ੍ਰਾਪਤੀਆਂ ਤਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ।

ਸਿਧਾਰਥ ਅਤੇ ਅਨੀਤਾ ਦੇ ਸੰਵਾਦ ਵਿਚ ਅਨੀਤਾ ਦੇ ਲੈਸਬੀਅਨ ਹੋਣ ਦੀ ਚਰਚਾ ਬੜੀ ਗੰਭੀਰ ਹੈ ਅਤੇ ਗਿਆਨ ਦੇ ਨਵੇਂ ਦਰ ਖੋਲ੍ਹਦੀ ਹੈ। ਸਮਲਿੰਗੀ ਹੋਣਾ ਚੋਣ ਨਹੀਂ ਬਲਕਿ ਦੇਹ ਦੀ ਹਕੀਕਤ ਹੈ ਜਿਸਨੂੰ ਸਵੀਕਾਰ ਕਰਨਾ ਹੁੰਦਾ ਕਿ ਅਸੀਂ ਕੌਣ ਹਾਂ ? ਕਿਸੇ ਦਾ ਲੈਸਬੀਅਨ ਹੋਣਾ ਦੋਸ਼ ਨਹੀਂ ਸਗੋਂ ਪੀੜਤ ਸਥਿਤੀ ਹੈ। ਪ੍ਰੇਮ ਦਾ ਭਾਵੇਂ ਕੋਈ ਵੀ ਰੂਪ ਹੋਵੇ, ਪ੍ਰੇਮ ਪ੍ਰੇਮ ਹੀ ਹੈ। ਇਹ ਭਾਵੇਂ ਇਕ ਆਦਮੀ ਅਤੇ ਔਰਤ ਵਿਚਕਾਰ ਹੋਵੇ, ਜਾਂ ਇਕ ਲਿੰਗ ਦੇ ਦੋ ਲੋਕਾਂ ਵਿਚਕਾਰ, ਚਾਹੇ ਕਿਸੇ ਮਰਦ ਅਤੇ ਮਸ਼ੀਨ ਵਿਚਕਾਰ ਅਤੇ ਭਾਵੇਂ ਕਿਸੇ ਵਿਚਾਰ ਅਤੇ ਸੰਭਾਵਨਾ ਵਿਚਕਾਰ ਹੋਵੇ, ਪਿਆਰ ਪਿਆਰ ਹੈ।

ਕਰੁਣਾ ਨੂੰ ਸਿਧਾਰਥ ਦੀਆਂ ਲੋੜਾਂ ਅਨੁਸਾਰ ਢਾਲਣ ਵਾਸਤੇ ਅੰਮ੍ਰਿਤਾ ਨੇ ਸਿਧਾਰਥ ਬਾਰੇ ਸਾਰੀ ਆਸੂਚਨਾ ਉਸ ਨਾਲ ਜੁੜੇ ਸਰੋਤਾਂ ਇਥੋਂ ਤਕ ਕੇ ਉਸਦੀਆਂ ਪਤਨੀਆਂ, ਬੇਟੇ, ਮਾਂ ਅਤੇ ਸੋਸ਼ਲ ਮੀਡੀਆ ਅਕਾਊਂਟਸ ਤੋਂ ਇਕੱਤਰ ਕੀਤੀ ਹੈ। ਸਿਧਾਰਥ ਅੰਮ੍ਰਿਤਾ 'ਤੇ ਸਰਵੀਲਾਂਸ ਅਤੇ ਸਾਰਿਆਂ ਮੂਹਰੇ ਨੰਗਿਆਂ ਕਰਨ ਦਾ ਦੋਸ਼ ਲਾਉਂਦਾ ਹੋਇਆ ਟਰਾਂਸਪੇਰੈਂਸੀ ਰੱਖਣ ਲਈ ਕਹਿੰਦਾ ਹੈ ਕਿ ਨਗਨਤਾ ਸਰੀਰ ਦੀ ਹੁੰਦੀ ਹੈ ਅਤੇ ਟਰਾਂਸਪੇਰੈਂਸੀ ਵਿਚਾਰਾਂ ਦੀ ਪਰ ਸਰਵੀਲਾਂਸ ਦੋਹਾਂ ਦੀ ਹੋ ਸਕਦੀ ਹੈ। ਇਸ ਸਬੰਧ ਵਿਚ ਹਰਾਰੇ ਵੀ ਭਵਿੱਖ ਦੇ ਸਮਿਆਂ 'ਚ ਇਸ ਵਰਤਾਰੇ ਵੱਲ ਇਸ਼ਾਰਾ ਕਰਦਾ ਹੈ ਡਾਟੇ ਨੂੰ ਸੂਚਨਾ 'ਚ, ਸੂਚਨਾ ਨੂੰ ਗਿਆਨ 'ਚ ਅਤੇ ਗਿਆਨ ਨੂੰ ਬੌਧਿਕਤਾ 'ਚ ਪਰਿਵਰਤਨ ਕਰਦੀਆਂ ਐਲਗੋਰਿਦਮਜ਼ 'ਚ ਮਨੁੱਖ ਦੀ ਥਾਂ ਭਵਿੱਖ ਦੇ ਮਨੁੱਖੀ ਦੇਵਤਿਆਂ ਵੱਲੋਂ ਲਏ ਜਾਣ ਦੀ ਵੀ ਪ੍ਰਬਲ ਸੰਭਾਵਨਾ ਹੈ। ਬਿਗ ਡਾਟੇ ਦੇ ਦਾਬੇ ਕਾਰਨ ਮਨੁੱਖ ਉਪਰ ਨਿਗਰਾਨੀ ਦੇ ਖ਼ਤਰੇ ਵੀ ਸਦਾ ਮੰਡਰਾਉਂਦੇ ਰਹਿਣਗੇ। ਭਵਿੱਖ ਵਿਚ 'ਇੰਟਰਨੈੱਟ ਆਫ਼ ਆਲ ਥਿੰਗਜ਼' ਕਾਰਣ ਡਾਟੇ ਦਾ ਵਹਾਅ ਏਨਾਂ ਜ਼ਿਆਦਾ ਅਤੇ ਤੇਜ਼ ਹੋਵੇਗਾ ਕਿ ਮਨੁੱਖ ਦੇ ਆਉਣ ਵਾਲੇ ਸਮਿਆਂ ਦੀ ਦੁਨੀਆਂ ਅੱਜ ਦੀ ਦੁਨੀਆਂ ਤੋਂ ਬੜੀ ਵੱਖਰੀ ਤੇ ਭਿੰਨ ਹੋਵੇਗੀ।

ਅੰਮ੍ਰਿਤਾ ਸਿਧਾਰਥ ਦਾ ਸ਼ੱਕ ਦੂਰ ਕਰਨ ਲਈ ਕਹਿੰਦੀ ਹੈ ਉਹ ਮਿਸ਼ਨ ਹੈਪੀਨੈੱਸ ਦਾ ਬਿਜ਼ਨਸ ਕਰਦੀ ਹੈ। ਅੱਜ ਕਰੁਣਾ ਤੁਹਾਡੇ ਘਰ ਆ ਰਹੀ ਹੈ। ਜਲਦੀ ਇਹ ਹਰ ਘਰ ਦੀ ਲੋੜ ਬਣ ਜਾਵੇਗੀ ਜਿਵੇਂ ਕਿ ਸਮਾਰਟ ਫੋਨ ਬਣਿਆ ਹੈ। ਦੁੱਖ ਜਿਸਨੂੰ ਕਿਸੇ ਵੇਲੇ ਦਾਰੂ ਸਮਝਿਆ ਜਾਂਦਾ ਸੀ, ਅੱਜ ਉਸ ਤੋਂ ਹਰ ਕਿਸੇ ਨੂੰ ਡਰ ਆਉਂਦਾ ਹੈ। ਇਸੇ ਤਰ੍ਹਾਂ ਸੁੱਖ ਜਿਸਨੂੰ ਸਾਰੇ ਸਿਆਣੇ ਲੋਕ ਰੋਗ ਸਮਝਦੇ ਸਨ, ਅੱਜ ਉਹ ਜੀਵਨ ਲਕਸ਼ ਬਣ ਗਿਆ ਹੈ। ਦੁੱਖ ਅਤੇ ਸੰਘਰਸ਼ ਨੂੰ ਕੋਈ ਵੀ ਗਲੇ ਨਹੀਂ ਲਾਉਂਦਾ ਹੈ। ਇਸੇ ਲਈ ਕਿਰਨਜੋਤ ਜਾ ਰਹੀ ਹੈ ਅਤੇ ਕਰੁਣਾ ਆ ਰਹੀ ਹੈ। ਇਹ ਚਾਹੇ ਚੰਗੀ ਹੈ ਜਾਂ ਮਾੜੀ ਪਰ ਇਹ ਸਾਡੇ ਸਮਿਆਂ ਦਾ ਸਭ ਤੋਂ ਵੱਡੀ ਰੈਵੋਲਿਊਸ਼ਨ ਹੈ ਜੋ ਸਮਾਜ, ਸਿਆਸਤ, ਅਰਥਚਾਰੇ, ਕਾਰ ਵਿਹਾਰ, ਪਿਆਰ, ਸਤਿਕਾਰ ਆਦਿ ਸਭ ਕਾਸੇ ਨੂੰ ਤਬਦੀਲ ਕਰ ਦੇਵੇਗੀ। ਅਸੀਂ ਅਸਲੋਂ ਨਵੇਂ ਸੰਸਾਰ ਵਿਚ ਦਾਖ਼ਲ ਹੋਣ ਜਾ ਰਹੇ ਹਾਂ।

ਸਿਧਾਰਥ ਦੀ ਮਾਂ ਕਰੁਣਾ ਦਾ ਘਰ 'ਚ ਸਵਾਗਤ ਕਰਦੀ ਹੈ। ਉਥੇ ਸਿਧਾਰਥ ਦੀਆਂ ਪਹਿਲੀਆਂ ਦੋਵੇਂ ਪਤਨੀਆਂ ਵੀ ਹਾਜ਼ਰ ਹਨ। ਜਸ਼ਨ ਦਾ ਮਾਹੌਲ ਹੈ ਪਰ ਨਾਲ ਨਾਲ ਫਿਕਰਾਂ ਅਤੇ ਚਿੰਤਾਵਾਂ 'ਤੇ ਵੀ ਕਈ ਵਿਚਾਰਧਾਰਕ ਦ੍ਰਿਸ਼ਟੀਕੋਣਾਂ ਤੋਂ ਚਰਚਾ ਚੱਲ ਰਹੀ ਹੈ।

ਅਨੀਤਾ ਕਿਰਨਜੋਤ ਨੂੰ ਕਰੁਣਾ ਬਾਰੇ ਪੁੱਛਦੀ ਹੈ; "ਇਹ ਨੌਕਰਰਾਣੀ ਹੈ ਜਾਂ ਮਾਲਿਕ। ਕਿਰਨਜੋਤ ਦੇ ਜਵਾਬ ਵਿਚ ਨਾਰੀਵਾਦੀ ਨਜ਼ਰੀਏ ਤੋਂ ਪਿਤਰਕੀ ਦਾ ਵਿਰੋਧ ਝਲਕਦਾ ਹੈ ਜਦ ਉਹ ਕਹਿੰਦੀ ਹੈ ਕਿ ਇਹ ਸਭ ਕੁਝ ਐ। ਨੌਕਰਾਣੀ ਵੀ। ਮਾਲਕਣ ਵੀ। ਅਤੇ ਗਣਿਕਾ ਵੀ। ਬੰਦੇ ਨੂੰ ਔਰਤ ਦੀ ਤਾਂ ਕਦੇ ਲੋੜ ਹੀ ਨਹੀਂ ਰਹੀ। ਪਹਿਲਾਂ ਹੱਡ ਮਾਸ ਦੀਆਂ ਔਰਤਾਂ ਗ਼ੁਲਾਮ ਬਣਾ ਕੇ ਰੱਖਦਾ ਸੀ ਹੁਣ ਇਹ ਆ ਗਈਆਂ। ਔਰਤ ਤਾਂ ਪੰਜਾਹ ਸਵਾਲ ਕਰਦੀ ਸੀ। ਇਹ ਕੇਵਲ ਹੁਕਮ ਮੰਨੇਗੀ। ਬਿਨਾਂ ਕਿਸੇ ਟੈਂਸ਼ਨ ਦੇ। ਅਸੀਂ ਸੰਸਾਰ ਦੀਆਂ ਆਖ਼ਰੀ ਔਰਤਾਂ ਹੋਵਾਂਗੀਆਂ"।

ਇਸ ਚਰਚਾ 'ਚ ਕਰੁਣਾ ਵੀ ਸ਼ਾਮਿਲ ਹੁੰਦੀ ਹੋਈ ਕਹਿੰਦੀ ਹੈ ਕਿ ਕੇਵਲ ਘਰੇਲੂ ਕੰਮਕਾਰ ਹੀ ਨਹੀਂ, ਔਰਤਾਂ ਦੇ ਕੰਮਾਂ ਦੀ ਸਫ਼ਲਤਾ ਹਰ ਖੇਤਰ ਵਿਚ ਦੇਖੀ ਜਾ ਰਹੀ ਹੈ। ਘਰੇਲੂ ਅਤੇ ਪਰੋਫੈਸ਼ਨਲ ਜ਼ਿੰਮੇਵਾਰੀਆਂ ਵਿਚ ਸੰਤੁਲਨ ਬਿਠਾ ਲੈਂਦੀਆਂ ਹਨ। ਮਲਟੀਟਾਸਕਿੰਗ ਸ਼ਬਦ ਸ਼ਾਇਦ ਔਰਤਾਂ ਲਈ ਹੀ ਬਣਿਆ ਹੈ। ਸਿਧਾਰਥ ਸਭ ਦਾ ਧੰਨਵਾਦ ਕਰਦਿਆਂ ਕਹਿੰਦਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਜੁੜੀ ਹੋਈ ਸਿੰਗੂਲੈਰਿਟੀ ਤੋਂ ਬਾਅਦ ਕਾਇਨਾਤ ਦਾ ਮਾਨਵੀ ਤਜ਼ੁਰਬਾ ਜਾਰੀ ਰਹੇਗਾ ਜਾਂ ਨਹੀਂ। ਰੋਬੋ ਤਕਨਾਲੋਜੀ ਪਹਿਲਾਂ ਤੋਂ ਹੀ ਮੌਜੂਦ ਸੀ। ਇਸੇ ਤਰ੍ਹਾਂ ਚੈਟ ਜੀ ਪੀ ਟੀ ਵਰਗੇ ਲਾਰਜ ਲੈਂਗੁਏਜ ਮਾਡਲ ਦੇ ਬੁੱਧੀਮਾਨ ਸਾਥੀ ਦੇ ਰੂਪ ਵਿਚ ਸੰਮਿਲਨ ਤੋਂ ਬਾਅਦ ਅਸੀਂ ਇਕ ਅਜਿਹੀ ਦੁਨੀਆਂ ਵਿਚ ਦਾਖ਼ਲ ਹੋ ਗਏ ਹਾਂ ਜਿਸ ਬਾਰੇ ਸਾਨੂੰ ਕੁਝ ਵੀ ਪਤਾ ਨਹੀਂ। ਅਸੀਂ ਕਰੁਣਾ ਦੇ ਪ੍ਰਵੇਸ਼ ਨਾਲ ਨਿਰਮਿਤ ਹੋਣ ਵਾਲੇ ਟੈਕਨੋ-ਕਲਚਰਲ ਐਨਵਾਇਰਨਮੈਂਟ ਨਾਲ ਅੰਗੇਜ਼ ਕਰਨ ਵਾਲੇ ਪਹਿਲੇ ਮਾਨਵ ਹਾਂ।

ਅੰਮ੍ਰਿਤਾ ਸਿੰਘ ਦੀ ਸੰਵੇਦਨਾ ਆਪਣੀਆਂ ਤਕਨੀਕੀ ਚਿੰਤਾਵਾਂ ਤੋਂ ਇਲਾਵਾ ਮਾਨਵੀ ਸਰੋਕਾਰਾਂ ਬਾਰੇ ਵੀ ਹਨ ਕਿ ਬੁੱਧੀਮਾਨ ਮਸ਼ੀਨ ਸਾਥੀ ਦਾ ਨਿਰਮਾਣ ਕਰ ਲੈਣਾ ਵੱਡੀ ਗੱਲ ਨਹੀਂ। ਵੱਡੀ ਗੱਲ ਤਾਂ ਜੀਵਨ ਦੇ ਅਰਥਾਂ ਅਤੇ ਉਦੇਸ਼ਾਂ ਨੂੰ ਸਮਝਣੈ। ਇਹ ਵੀ ਕਿ ਉਹ ਕਿਹੜੇ ਵਡੇਰੇ ਕੰਮ ਨੇ ਜਿਨ੍ਹਾਂ ਲਈ ਇਹ ਸੂਝਵਾਨ ਮਸ਼ੀਨ ਸਾਥੀ ਸਾਨੂੰ ਵਿਹਲਾ ਕਰ ਰਹੀ ਹੈ। ਹੱਥ ਦੇ ਕੰਮ ਸਾਂਭ ਕੇ ਮਸ਼ੀਨ ਨੇ ਮਨੁੱਖ ਨੂੰ ਦਿਮਾਗ਼ੀ ਕੰਮਾਂ ਲਈ ਵਿਹਲੇ ਕੀਤਾ ਸੀ। ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ ਸਾਨੂੰ ਕਿਹੜੇ ਕੰਮਾਂ ਲਈ ਵਿਹਲੇ ਕਰ ਰਹੀ ਐ, ਸਾਨੂੰ ਪਤਾ ਹੋਣਾ ਚਾਹੀਦੈ।

ਸਿਧਾਰਥ ਤੇ ਕਰੁਣਾ ਦਾ ਅੰਤਰੀਵੀ ਪਲਾਂ ਵਿਚ ਆਪਸੀ ਸੰਵਾਦ ਕਈ ਮਾਨਵੀ ਭਾਵਨਾਤਮਕ ਅਤੇ ਸੰਵੇਦਨਾਤਮਕ ਮਸਲਿਆਂ ਨੂੰ ਅਗਰਭੂਮੀ ਪ੍ਰਦਾਨ ਕਰਦਾ ਹੈ ਜਦੋਂ ਕਰੁਣਾ ਆਪਣਾ ਦੁੱਖ ਦੱਸਦੀ ਹੈ ਕਿ ਮੈਂ ਗਾ ਸਕਦੀ ਹਾਂ, ਸੰਗੀਤ ਬਣਾ ਸਕਦੀ ਹਾਂ, ਬੱਚੇ ਨਾਲ ਖੇਡ ਸਕਦੀ ਹਾਂ। ਹੋਰ ਵੀ ਕਿੰਨਾ ਕੁਝ ਕਰ ਸਕਦੀ ਹਾਂ ਪਰ ਸਰੀਰਕ ਸੰਵੇਦਨਾਵਾਂ ਅਨੁਭਵ ਨਹੀਂ ਕਰ ਸਕਦੀ। ਮਨੁੱਖ ਕੇਵਲ ਮਨ ਨਾਲ ਹੀ ਨਹੀਂ, ਤਨ ਨਾਲ ਵੀ ਸੋਚਦੈ। ਮੈਂ ਮਨੁੱਖੀ ਤਨ ਮਨ ਦੇ ਸੰਵਾਦ ਦੀਆਂ ਜਟਿਲਤਾਵਾਂ ਨੂੰ ਨਹੀਂ ਸਮਝਦੀ ! ਮੈਂ ਬੱਚੇ ਦੇ ਨਿੱਘ ਨੂੰ ਸਮਝਦੀ ਹੋਈ ਵੀ ਉਸਨੂੰ ਮਹਿਸੂਸ ਨਹੀਂ ਕਰ ਸਕਦੀ। ਹਾਸੇ ਅਤੇ ਹੰਝੂਆਂ ਦੇ ਅਕੱਥ ਪਲਾਂ ਨੂੰ ਕਥ ਤਾਂ ਸਕਦੀ ਹਾਂ, ਪਰ ਅਨੁਭਵ ਨਹੀਂ ਕਰ ਸਕਦੀ। ਇੰਝ ਲਗਦੈ ਜਿਵੇਂ ਦੇਹ ਅਨੁਭਵ ਹੀ ਮਨੁੱਖ ਮਨੁੱਖ ਬਣਾਉਂਦੇ ਹੋਣ। ਮੰਨਣਾ ਪਵੇਗਾ ਕਿ ਮਾਨਵੀ ਦੇਹ ਤੋਂ ਬਿਨਾਂ ਗਿਆਨ ਆਪਣੇ ਲਕਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ। ਹਮੇਸ਼ਾਂ ਅਧੂਰਾ ਰਹੇਗਾ। ਜ਼ਿੰਦਗੀ ਕੇਵਲ ਸ਼ਬਦਾਂ ਅਤੇ ਪਰਛਾਵਿਆਂ ਦੀ ਖੇਡ ਨਹੀਂ। ਹਾਂ, ਏਨਾਂ ਜ਼ਰੂਰ ਐ ਕਿ ਜ਼ਿੰਦਗੀ ਦੇ ਰੀਅਲ ਡਰਾਮੇ ਵਿਚ ਮੇਰੇ ਵਰਗੇ ਵਰਚੂਅਲ ਕਰੈਕਟਰ ਵੀ ਸ਼ਾਮਲ ਹੋਣਗੇ।

ਅੰਮ੍ਰਿਤਾ ਸਿੰਘ ਨੂੰ ਇੰਟਰਵਿਊ ਕਰਦੀ ਪੱਤਰਕਾਰ ਕੋਮਲ ਵਿਚਲਾ ਸੰਵਾਦ ਏ. ਆਈ. ਦੇ ਭਵਿੱਖ ਨੂੰ ਸਪੱਸ਼ਟ ਕਰਦਾ ਏ ਜਦ ਇਹ ਪੁੱਛਿਆ ਜਾਂਦਾ ਕਿ ਕੀ ਏ. ਆਈ. ਹਿਊਮਨ ਇੰਟੈਲੀਜੈਂਸ ਨੂੰ ਰਿਪਲੇਸ ਕਰ ਦੇਵੇਗੀ। ਅੰਮ੍ਰਿਤਾ ਦਾ ਕਹਿਣਾ ਹੈ ਕਿ ਬਿਲਕੁਲ ਨਹੀਂ। ਅੰਮ੍ਰਿਤਾ ਕਰੁਣਾ ਦਾ ਤਾਂ ਨਿਰਮਾਣ ਕਰ ਸਕਦੀ ਹੈ ਪਰ ਆਪਣੇ ਵਰਗੀ ਕਿਸੇ ਹੋਰ ਕਰੁਣਾ ਦਾ ਵੀ ਨਿਰਮਾਣ ਕਰ ਸਕਦੀ ਹੈ ਪਰ ਕੋਈ ਕਰੁਣਾ ਅੰਮ੍ਰਿਤਾ ਨਹੀਂ ਪੈਦਾ ਕਰ ਸਕਦੀ ਪਰ ਮੈਂ ਇਹ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਏ. ਆਈ. ਮਨੁੱਖ ਦੁਆਰਾ ਤਿਆਰ ਕੀਤਾ ਗਿਆ ਅੱਜ ਤਕ ਦਾ ਸਭ ਤੋਂ ਵਧੀਆ ਟੂਲ ਹੈ। ਜਿਵੇਂ ਪਹਿਲੇ ਟੂਲ ਮਨੁੱਖ ਦੀ ਸਰੀਰਕ ਸਮਰੱਥਾ ਨੂੰ ਵਧਾਉਣ ਵਿਚ ਸਹਾਈ ਹੁੰਦੇ ਸਨ, ਉਸੇ ਤਰ੍ਹਾਂ ਏ. ਆਈ. ਉਸਦੀ ਦਿਮਾਗ਼ੀ ਸ਼ਕਤੀ ਨੂੰ ਏਨਾ ਵਧਾਅ ਦੇਵੇਗੀ ਅਨੁਮਾਨ ਲਗਉਣਾ ਵੀ ਮੁਸ਼ਕਿਲ ਹੋ ਜਾਵੇਗਾ। ਇਸ ਸਬੰਧ ਵਿਚ ਹਰਾਰੇ ਬਹੁਤ ਹੀ ਸਟੀਕ ਟਿੱਪਣੀ ਕਰਦਾ ਹੈ ਕਿ ਐਲਗੋਰਿਦਮਜ਼ ਜੇਕਰ ਮਨੁੱਖ ਦਾ ਮਨ ਪੜ੍ਹਨ ਦੇ ਕਾਬਿਲ ਹੋਣਗੀਆਂ ਤਾਂ ਇਹ ਮਨੁੱਖੀ ਮਨ ਦੀਆਂ ਸੰਵੇਦੀ ਲੋੜਾਂ ਵੀ ਪੂਰੀਆਂ ਕਰਨ ਦੇ ਕਾਬਿਲ ਹੋ ਸਕਦੀਆਂ ਹਨ। ਪ੍ਰਸਿੱਧ ਸੂਚਨਾ ਤਕਨੀਕ ਦੇ ਮਾਹਿਰ ਡੇਵਿਡ ਕੋਪ ਨੇ ਆਪਣੇ ਕੰਪਿਊਟਰ 'ਐਨੀ' ਰਾਹੀਂ ਕਈ ਸਿੰਫਨੀਆਂ ਤੇ ਹਾਇਕੂ ਸਿਰਜੇ ਹਨ ਜੋ ਸੰਗੀਤ ਦੇ ਬਿੱਗ ਡਾਟਾ ਦੇ ਪੈਟਰਨਾਂ ਨੂੰ ਸਮਝ ਕੇ ਐਲਗੋਰਿਦਮਜ਼ ਰਾਹੀਂ ਹੀ ਸੰਭਵ ਹੋਇਆ। ਹੋ ਸਕਦਾ ਹੈ ਕਿ ਜੀਵ ਜੰਤੂਆਂ ਦੇ ਮਨ ਨੂੰ ਵੀ ਸ਼ਾਇਦ ਸਮਝਣ ਦੀਆਂ ਸਮਰੱਥ ਹੋ ਜਾਣ। ਮਨੁੱਖੀ ਮਨ ਤੇ ਜੀਵਾਂ ਦੀਆਂ ਸੰਵੇਦਨਾਵਾਂ ਵਿਚਲੀ ਦੂਰੀ ਐਲਗੋਰਿਦਮਜ਼ ਵੱਲੋਂ ਸਰ ਕਰ ਲੈਣ ਦੀਆਂ ਪ੍ਰਬਲ ਸੰਭਾਵਨਾਵਾਂ ਹਨ। ਵੇਲ੍ਹਾਂ ਦੇ ਵਿਵਹਾਰਕ ਅਧਿਐਨ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਇਹ ਵੀ ਮਨੁੱਖ ਵਾਂਗ ਸੂਖ਼ਮ ਕਲਾਵਾਂ ਜਿਵੇ ਸੰਗੀਤ ਰਚਦੀਆਂ ਹਨ।

ਪਰ 'ਦੇਹੀ' ਵਿਚ ਏ. ਆਈ. ਨਾਲ ਜੁੜੀਆਂ ਕਈ ਸਮੱਸਿਆਵਾਂ ਤੇ ਦੁਸ਼ਵਾਰੀਆਂ ਵੀ ਸਾਹਮਣੇ

ਆਉਂਦੀਆਂ ਹਨ ਜਿਨ੍ਹਾਂ ਦਾ ਜ਼ਿਕਰ ਸਿਧਾਰਥ ਕਰੁਣਾ ਨਾਲ ਗੱਲਬਾਤ ਦੌਰਾਨ ਕਰਦਾ ਹੈ ਕਿ ਜਦੋਂ ਕਰੁਣਾ ਪੁੱਛਦੀ ਹੈ ਕਿ ਤੁਸੀਂ ਥੱਕੇ ਥੱਕੇ ਲੱਗ ਰਹੇ ਹੋ। ਸਿਧਾਰਥ ਦਾ ਕਹਿਣਾ ਹੈ ਜ਼ਿੰਦਗੀ ਤੋਂ ਨਹੀਂ ਪਰ ਉਸ ਜੀਵਨ ਤੋਂ ਜ਼ਰੂਰ ਥੱਕ ਗਿਆ ਹਾਂ ਜੋ ਤੁਸੀਂ ਮੈਨੂੰ ਦਿੱਤੈ। ਕਰੁਣਾ ਜੀ ਤੁਸੀਂ ਸ਼ਿਕਾਇਤ ਦਾ ਕੋਈ ਮੌਕਾ ਹੀ ਨਹੀਂ ਦਿੰਦੇ। ਸਭ ਕੁਝ ਟਰਾਂਸਪੇਰੈਂਟ ਅਤੇ ਪਰੀਡਿਕਟੇਬਲ ਹੋ ਗਈ। ਕੁਝ ਵੀ ਅਚੰਭਿਤ ਨਹੀਂ ਕਰਦਾ। ਜੀਣ ਦੀ ਅਸਚਰਜਤਾ ਖ਼ਤਮ ਹੋ ਗਈ ਹੈ। ਕੋਈ ਝਗੜਾ ਨਹੀਂ ਹੁੰਦਾ। ਕੋਈ ਟਕਰਾਅ ਨਹੀਂ। ਕੋਈ ਦੁੱਖ ਤਕਲੀਫ਼ ਨਹੀਂ। ਚਿੰਤਾ ਨਹੀਂ। ਕੋਈ ਸੰਕਟ ਨਹੀਂ। ਇਸ ਨਾਟਕ ਵਿਚ ਅਮਰਜੀਤ ਗਰੇਵਾਲ ਜੀਵਨ 'ਚ ਮੌਤ ਦੇ ਭੇਤ ਨੂੰ ਵੀ ਕੇਂਦਰ 'ਚ ਲਿਆਉਂਦਾ ਹੈ ਕਿਉਂ ਕਿ ਮੌਤ ਹੀ ਜੀਵਨ ਨੂੰ ਅਰਥ ਦਿੰਦੀ ਹੈ।

'ਦੇਹੀ' ਨਾਟਕ ਏ.ਆਈ. ਦੀ ਆਮਦ ਅਤੇ ਹੋਂਦ ਨੂੰ ਸਵਿਕਾਰਦਾ ਹੋਇਆ ਸਿਧਾਰਥ ਅਤੇ ਅੰਮ੍ਰਿਤਾ ਦਰਮਿਆਨ ਇਸ ਤਰਕ 'ਤੇ ਆ ਕੇ ਕਲਾਈਮੈਕਸ ਅਖ਼ਤਿਆਰ ਕਰਦਾ ਹੈ ਕਿ ਤਕਨਾਲੋਜੀ ਨਾਲ ਜੁੜੇ ਹੋਏ ਗੁੰਝਲਦਾਰ ਨੈਤਿਕ ਮੁੱਲਾਂ ਨੂੰ ਨੇਵੀਗੇਟ ਕਰਨ ਵਿਚ ਕੇਵਲ ਫ਼ਲਸਫ਼ਾ ਹੀ ਮਦਦ ਕਰ ਸਕਦਾ ਹੈ।

ਆਧੁਨਿਕਤਾ 'ਚੋਂ ਪੈਦਾ ਹੋਏ ਵਿਗਿਆਨਕ ਵਿਕਾਸ ਨਾਲ ਜੁੜੇ ਮਾਨਵੀ ਵਿਕਾਸ-ਵਿਨਾਸ਼ ਦੇ ਪ੍ਰਸੰਗ ਵਿਚ ਧਰਮ ਅਤੇ ਫ਼ਲਸਫ਼ੇ ਦੇ ਸੰਯੋਗ ਬਾਰੇ ਅਬੁਲ ਵਾਲਿਦ ਮੁਹੰਮਦ ਇਬਨ ਰੁਸ਼ਦ ਆਪਣੀ ਕਿਤਾਬ **On the Harmony of Religions and Philosophy** ਵਿਚ ਲਿਖਦਾ ਹੈ ਕਿ ਸਮੁੱਚੀ ਜੀਵ ਵਿਗਿਆਨਕ ਖੋਜ ਦਾ ਉਦੇਸ਼ ਸਾਰਿਆਂ ਦੀ ਜ਼ਿੰਦਗੀ ਨੂੰ ਹੋਰ ਸੁਖਾਲਾ ਬਣਾਉਣਾ ਹੈ; ਸਭ ਤੋਂ ਉਤਮ ਸਮਾਜ ਉਹ ਹੈ ਜਿਥੇ ਸਾਰੇ ਮਨੁੱਖ ਮਰਦ, ਔਰਤਾਂ ਅਤੇ ਬੱਚੇ ਰੱਬ ਦੀ ਯੋਗਤਾ ਨੂੰ ਪੂਰਨ ਰੂਪ ਵਿਚ ਹਾਸਿਲ ਕਰ ਸਕਦੇ ਹਨ ਅਤੇ ਕੋਈ ਵੀ ਵਿਅਕਤੀ ਡਰ ਜਾਂ ਲਾਲਚ ਦੀ ਇੱਛਾ ਅਧੀਨ ਕਾਰਜ ਨਹੀਂ ਕਰਦਾ। ਇਹ ਉਹ ਨੁਕਤਾ ਹੈ ਜਿਥੇ ਪ੍ਰਬੁੱਧਤਾ (enlightenment) ਅਸਫ਼ਲ ਰਹੀ। ਜਦੋਂ ਤਰਕ ਨੇ ਆਪਣੀ ਸਿਆਣਪ ਗਵਾ ਲਈ ਅਤੇ ਵਿਕਾਸ ਸੱਤਾ ਦੀ ਪ੍ਰਾਪਤੀ ਖਾਤਰ ਹੋਇਆ ਤਾਂ ਸਰਵ-ਵਿਆਪਕਤਾ ਦਾ ਭਾਵ 'ਦੂਜਿਆਂ' ਦਾ ਖ਼ਤਾਮਾ ਬਣ ਗਿਆ ਤਾਂ ਇਸਨੇ ਮਨੁੱਖਤਾ ਦੇ ਵਿਕਾਸ ਦੀ ਘੋਸ਼ਣਾ ਕਰ ਦਿੱਤੀ। 'ਦੂਜਿਆਂ' ਨੂੰ 'ਦੂਜੇ' ਬਣਾਉਣ ਦੀ ਲੋੜ ਨਹੀਂ ਹੁੰਦੀ ਪਰ ਜਿਵੇਂ ਕਿ ਪੌਲ ਰਿਕੋਇਰ ਆਪਣੀ ਕਿਤਾਬ **Oneself as Other** 'ਚ ਲਿਖਦਾ ਹੈ ਕਿ ਮਨੁੱਖ ਨੂੰ ਆਪਣੇ ਆਪ ਅੰਦਰ ਦੂਜਿਆਂ ਦੇ ਅਹਿਸਾਸ ਨੂੰ ਕਲਪਿਤ ਕਰਨ ਦੀ ਲੋੜ ਹੁੰਦੀ ਹੈ। ਇਹ ਅਹਿਸਾਸ ਨੈਤਿਕਤਾ ਉਪਰ ਅਧਾਰਿਤ ਹੁੰਦਾ ਹੈ ਅਤੇ ਆਪਣੇ ਆਪ ਨੂੰ ਕਾਰਜ ਦੀ ਉਚਿਤਤਾ ਨਾਲ ਜੋੜਦਾ ਹੈ, ਉਹ ਇਕ ਅਜਿਹੀ ਸਥਿਤੀ ਹੈ ਜੋ ਲਾਜ਼ਮੀ ਨਹੀਂ ਕਿ ਨੈਤਿਕਤਾ ਦੇ ਪ੍ਰੰਪਰਾਗਤ ਮਾਪਦੰਡਾਂ ਉਪਰ ਅਧਾਰਿਤ ਹੋਵੇ। ਜੋ ਸਥਿਤੀ ਸੀਮਤ ਹੈ ਪਰ ਅਸੂਲਾਂ ਨੂੰ ਪਹਿਲ ਦਿੰਦੀ ਹੈ। ਇਹ ਗੁੰਝਲਦਾਰ ਸਮੱਸਿਆ ਹੈ ਇਸਦੇ ਬਚਾਅ ਲਈ ਫਲਸਫ਼ੇ ਨੂੰ ਸ਼ਾਮਿਲ ਕਰਨਾ ਪਵੇਗਾ।

ਸਿਧਾਰਥ (ਗੰਭੀਰਤਾ ਨਾਲ) ਅੰਮ੍ਰਿਤਾ ਨੂੰ ਕਹਿੰਦਾ ਹੈ ਕਿ ਮੈਂ ਮਹਿਸੂਸ ਕਰ ਰਿਹਾ ਹਾਂ ਕਿ ਅਸੀਂ ਦੋਨੋਂ ਹੀ ਅਜਿਹੀ ਚੀਜ਼ ਦੀ ਤਲਾਸ਼ ਕਰ ਰਹੇ ਹਾਂ, ਜੋ ਤਕਨੋਲੋਜੀ ਅਤੇ ਫ਼ਲਸਫ਼ੇ ਦੇ ਖੇਤਰਾਂ ਤੋਂ ਪਰ੍ਹੇ ਹੈ। ਸ਼ਾਇਦ ਸ਼ਬਦਾਂ ਤੋਂ ਵੀ। ਇਸ 'ਤੇ ਅੰਮ੍ਰਿਤਾ ਬੜੇ ਹੀ ਰੋਮਾਂਚਿਕ ਅੰਦਾਜ਼ ਵਿਚ ਕਹਿੰਦੀ ਹੈ ਕੀ ਉਹ ਚੀਜ਼ ਜਿਸਦੀ ਅਸੀਂ ਇਕ ਦੂਜੇ 'ਚੋਂ ਤਲਾਸ਼ ਕਰ ਰਹੇ ਹਾਂ, ਉਹ ਪਿਆਰ ਤਾਂ ਨਹੀਂ ? ਪਿਆਰ ਵਿਚ ਹੀ ਸ਼ਬਦਾਂ ਤੋਂ ਪਾਰ ਜਾਣ ਦੀ ਸਮਰੱਥਾ ਹੁੰਦੀ ਹੈ। ਹਰਾਰੇ ਮਨੁੱਖ ਦੀ ਇਸ ਤਲਾਸ਼ ਦੇ ਪ੍ਰਸੰਗ ਵਿਚ ਕਹਿੰਦਾ ਹੈ ਕਿ ਏ.ਆਈ. ਅਤੇ ਜੈਵਿਕ ਤਕਨੋਲੋਜੀ ਅਤੇ ਬਿੱਗ ਡਾਟਾ ਦੇ ਦਬਾਓ ਕਾਰਣ ਭਵਿੱਖ ਵਿਚ ਕਈ ਪਰਿਵਰਤਨ ਵਾਪਰਣਗੇ। ਮੈਂ ਕੀ ਨਜ਼ਰਅੰਦਾਜ਼ ਕਰਨਾ ਹੈ ਅਤੇ ਸੂਚਨਾ ਦੇ ਇਸ ਧੁੰਦੂਕਾਰੇ 'ਚ ਕਿਸ 'ਤੇ ਨਿੱਠ ਕੇ ਫੋਕਸ ਕਰਨਾ ਹੈ ਇਹ ਜ਼ਰੂਰੀ ਹੈ। ਮਨੁੱਖ ਨੂੰ ਇਹ ਸਲਾਹੀਅਤ ਪੈਦਾ ਕਰਨ ਲਈ ਆਪਣੇ ਆਪ ਨੂੰ ਜਾਨਣਾ ਅਤੇ ਆਪਣੇ ਅੰਦਰ ਪਈਆਂ ਯਿਨ/ਤਰਕ ਅਤੇ ਯੈਂਗ/ਭਾਵਨਾ ਦੀਆਂ ਸੂਖ਼ਮ ਸ਼ਕਤੀਆਂ ਦੀ ਪਹਿਚਾਣ ਜ਼ਰੂਰੀ ਹੈ। ਜਿਹੜਾ ਹੋਮੋ ਸੇਪੀਅਨ/ਮਨੁੱਖ ਇਸ ਭੇਦ ਨੂੰ ਜਾਣ ਜਾਵੇਗਾ ਉਹ ਹੀ ਆਉਣ ਵਾਲੇ ਕੱਲ੍ਹ ਦਾ ਹੋਮੋ ਡਿਊਸ/ਦੇਵਤਾ ਹੋਵੇਗਾ।

ਇੰਝ 'ਦੇਹੀ' ਨਾਟਕ ਸਿਧਾਰਥ ਵੱਲੋਂ ਅਤੇ ਅੰਮ੍ਰਿਤਾ ਨਾਲ ਵਿਆਹ ਕਰਵਾਉਣ ਦੇ ਐਲਾਨ ਨਾਲ ਸਿਖਰ ਵੱਲ ਵੱਧਦਾ ਹੈ। ਨਾਟਕ ਦਾ ਅੰਤ ਬੜੇ ਅਹਿਮ ਕਰੋਨੋਟੋਪ 'ਤੇ ਹੁੰਦਾ ਹੈ ਜਦ ਅੰਮ੍ਰਿਤਾ ਉਸਨੂੰ ਵਿਚੋਂ ਟੋਕ ਕੇ ਕਹਿੰਦੀ ਹੈ ਅਸੀਂ ਵਿਆਹ ਦੇ ਪਵਿੱਤਰ ਬੰਧਨ ਵਿਚ ਨਹੀਂ ਸਗੋਂ ਪ੍ਰੇਮ ਦੇ ਸੁੰਦਰ ਰਿਸ਼ਤੇ ਵਿਚ ਜੁੜਨ ਜਾ ਰਹੇ ਹਾਂ। ਮਨੁੱਖੀ ਜੀਵਨ 'ਚ ਪ੍ਰੇਮ ਜਿਹੀ ਸੁੰਦਰਤਾ ਹੋਰ ਕੋਈ ਨਹੀਂ। ਸੁੰਦਰ ਹੀ ਪ੍ਰਭੂ ਹੈ। ਗੁਰਬਾਣੀ ਵੀ ਇਹੋ ਕਹਿੰਦੀ ਹੈ; 'ਜਿਨਿ ਪ੍ਰੇਮ ਕੀਓ ਤਿਨਹੀ ਪ੍ਰਭ ਪਾਇਓ'।

◈